Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 187 Tuesday, September 29, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# 3700 ਹੈਲਥਕੇਅਰ ਵਰਕਰਜ਼ ਰਕਰੂਟ ਕਰਨ ਲਈ 52 ਮਿਲੀਅਨ ਨਿਵੇਸ਼ ਕਰੇਗਾ ਓਨਟਾਰੀਓ

ਓਨਟਾਰੀਓ, 28 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਸਬੰਧੀ ਸੰਭਾਵੀ ਸੈਕਿੰਡ ਵੇਵ ਦੇ ਮੱਦੇਨਜ਼ਰ ਓਨਟਾਰੀਓ 3700 ਵਾਧੂ ਹੈਲਥਕੇਅਰ ਵਰਕਰਜ਼ ਤੇ ਕੇਅਰਗਿਵਰਜ਼ ਨੂੰ ਰਕਰੂਟ ਕਰਨ ਤੇ ਟਰੇਨਿੰਗ ਦੇਣ ਲਈ 52 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗਾ। ਇਹ ਐਲਾਨ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੀਤਾ ਗਿਆ।



ਸੋਮਵਾਰ ਨੂੰ ਫੋਰਡ ਨੇ ਆਖਿਆ ਕਿ ਇਸ ਫੰਡਿੰਗ ਨਾਲ 800 ਹੋਰ ਨਰਸਾਂ ਤੇ 600 ਐਕਿਊਟ ਕੇਅਰ ਨਰਸਾਂ ਤੋਂ ਇਲਾਵਾ 2000 ਪਰਸਨਲ ਸਪੋਰਟ ਵਰਕਰਜ਼ ਨੂੰ ਰਕਰੂਟ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲਾਂਗ ਟਰਮ ਕੇਅਰ ਹੋਮਜ਼ ਤੇ ਹੋਰਨਾਂ ਕਮਿਊਨਿਟੀ ਕੇਅਰ ਸੈਟਿੰਗਜ਼ ਵਿੱਚ ਕੰਮ ਕਰਨ ਲਈ ਪਰਸਨਲ ਸਪੋਰਟ ਵਰਕਰਜ਼ ਦੀ ਟਰੇਨਿੰਗ ਉੱਤੇ ਪ੍ਰੋਵਿੰਸ ਵਾਧੂ 14 ਮਿਲੀਅਨ ਡਾਲਰ ਖਰਚ ਕਰੇਗੀ। ਇਸ ਯੋਜਨਾ ਤਹਿਤ ਅਰਜੈਂਟ ਲੋੜਾਂ ਸਬੰਧੀ ਮਰੀਜ਼ਾਂ ਨਾਲ ਘੱਟ ਤੋਂ ਘੱਟ ਛੇ ਮਹੀਨੇ ਲਈ ਕੰਮ ਕਰਨ ਵਾਸਤੇ ਨਵੇਂ ਰੰਗਰੂਟਾਂ ਨੂੰ 5000 ਡਾਲਰ ਇਨਸੈਂਟਿਵ ਵੀ ਦਿੱਤਾ ਜਾਵੇਗਾ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਓਨਟਾਰੀਓ ਦੇ ਮੈਚਿੰਗ ਪੋਰਟਲ, ਜਿਸ ਨੂੰ ਅਪਰੈਲ ਵਿੱਚ ਲਾਂਚ ਕੀਤਾ ਗਿਆ ਸੀ, ਵਿੱਚ ਸੁਧਾਰ ਕਰਨ ਲਈ ਪ੍ਰੋਵਿੰਸ 200,000 ਡਾਲਰ ਨਿਵੇਸ਼ ਕਰੇਗੀ। ਉਨ੍ਹਾਂ ਆਖਿਆ ਕਿ ਇਨ੍ਹਾਂ ਨਵੇਂ ਫੰਡਾਂ ਦੀ ਸਹਾਇਤਾ ਨਾਲ ਅਸੈਂਸ਼ੀਅਲ ਵਰਕਰਜ਼ ਨੂੰ ਉਸ ਥਾਂ ਤਾਇਨਾਤ ਕੀਤਾ ਜਾਵੇਗਾ ਜਿੱਥੇ ਉਨ੍ਹਾਂ ਦੀ ਸੱਭ ਤੋਂ ਵੱਧ ਲੋੜ ਹੋਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਕੋਵਿਡ-19 ਮਾਮਲਿਆਂ ਵਿੱਚ ਹੋਣ ਵਾਲੇ ਵਾਧੇ ਨਾਲ ਸਿੱਝਣ ਲਈ ਸਿਸਟਮ ਪੂਰੀ ਤਰ੍ਹਾਂ ਲੈਸ ਹੋਵੇ।

## ਕੋਵਿਡ 19 ਆਊਟਬ੍ਰੇਕ ਤੋਂ ਬਾਅਦ ਮੇਸਨ ਰੋਡ ਸਕੂਲ ਕੀਤਾ ਗਿਆ ਬੰਦ



ਟੋਰਾਂਟੋ, 28 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀ ਡੀ ਐਸ ਬੀ) ਦਾ ਕਹਿਣਾ ਹੈ ਕਿ ਟੋਰਾਂਟੋ ਪਬਲਿਕ ਹੈਲਥ (ਟੀ ਪੀ ਐਚ) ਨੇ ਸਕਾਰਬੌਰੋ ਵਿੱਚ ਮੇਸਨ ਰੋਡ ਜੂਨੀਅਰ ਪਬਲਿਕ ਸਕੂਲ ਵਿਖੇ ਕੋਵਿਡ-19 ਆਊਟਬ੍ਰੇਕ ਐਲਾਨ ਦਿੱਤੀ ਹੈ। ਕਿੰਗਸਟਨ ਰੋਡ ਤੇ ਐਗਲਿੰਟਨ ਐਵਨਿਊ ਈਸਟ ਨੇੜੇ 78 ਮੇਸਨ ਰੋਡ ਉੱਤੇ ਸਥਿਤ ਇਸ ਸਕੂਲ ਨੂੰ ਇਸ ਪੂਰਾ ਹਫਤਾ ਬੰਦ ਰੱਖਣ ਲਈ ਆਖਿਆ ਗਿਆ ਹੈ ਤੇ ਇਸ ਦੌਰਾਨ ਟੀ ਪੀ ਐਚ ਵੱਲੋਂ ਜਾਂਚ ਕੀਤੀ ਜਾਵੇਗੀ। ਇਹ ਜਾਣਕਾਰੀ ਬੋਰਡ ਵੱਲੋਂ ਐਤਵਾਰ ਸ਼ਾਮ ਨੂੰ ਟਵੀਟ ਕਰਕੇ ਦਿੱਤੀ ਜਾਵੇਗੀ। ਸਕੂਲ ਬੋਰਡ ਦੇ ਕੋਵਿਡ-19 ਐਡਵਾਈਜ਼ਰੀ ਪੇਜ ਅਨੁਸਾਰ ਇਸ ਸਕੂਲ ਦੇ ਇੱਕ ਵਿਦਿਆਰਥੀ ਤੇ ਤਿੰਨ ਅਮਲਾ ਮੈਂਬਰਾਂ ਨੂੰ ਕੋਵਿਡ-19 ਹੋਣ ਦੀ ਪੁਸ਼ਟੀ ਹੋਈ। ਬੋਰਡ ਦਾ ਕਹਿਣਾ ਹੈ ਕਿ ਸਕੂਲ ਕਮਿਊਨਿਟੀ ਨੂੰ ਪਹਿਲਾਂ ਹੀ ਇਸ ਸਬੰਧੀ ਜਾਣਕਾਰੀ ਦੇ ਦਿੱਤੀ ਗਈ ਹੈ। ਮਾਪਿਆਂ ਨੂੰ ਭੇਜੇ ਪੱਤਰ ਵਿੱਚ ਆਖਿਆ ਗਿਆ ਕਿ ਆਊਟਬ੍ਰੇਕ ਉਸ ਸਮੇਂ ਐਲਾਨੀ ਗਈ ਜਦੋਂ ਘੱਟੋ ਘੱਟ ਦੋ ਕੇਸਾਂ ਦੀ ਪੁਸ਼ਟੀ ਹੋ ਗਈ। ਟੀਡੀਐਸਬੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਾਰੇ ਵਿਦਿਆਰਥੀ ਤੇ ਸਟਾਫ ਮੈਂਬਰ 2 ਅਕਤੂਬਰ ਤੱਕ ਸੈਲਫ ਆਈਸੋਲੇਸ਼ਨ ਵਿੱਚ ਰਹਿਣ।

## ਐਨਡੀਪੀ ਤੇ ਲਿਬਰਲ ਨਵੇਂ ਬਿੱਲ ਨੂੰ ਪਾਸ ਕਰਵਾਉਣ ਲਈ ਪੱਬਾਂ ਭਾਰ

ਓਟਵਾ, 28 ਸਤੰਬਰ (ਪੋਸਟ ਬਿਊਰੋ) : ਸਰਕਾਰ ਵੱਲੋਂ ਕੋਵਿਡ-19 ਸਬੰਧੀ ਲਿਆਂਦੇ ਗਏ ਨਵੇਂ ਬੈਨੇਫਿਟ ਸਬੰਧੀ ਬਿੱਲ ਦੇ ਅਧਿਐਨ ਨੂੰ ਜਲਦ ਖ਼ਤਮ ਕਰਨ ਲਈ ਐਮਪੀਜ਼ ਨੂੰ ਆਖਿਆ ਜਾ ਰਿਹਾ ਹੈ ਤਾਂ ਕਿ ਇਸ ਨੂੰ ਛੇਤੀ ਤੋਂ ਛੇਤੀ ਪਾਸ ਕਰਵਾਇਆ ਜਾ ਸਕੇ। ਇਸ ਨਵੇਂ ਬਿੱਲ ਵਿੱਚ ਐਨਡੀਪੀ ਨਾਲ ਹੋਈ ਗੱਲਬਾਤ ਮੁਤਾਬਕ ਕੀਤੀਆਂ ਗਈਆ ਤਬਦੀਲੀਆਂ ਵੀ ਸ਼ਾਮਲ ਹਨ। ਐਨਡੀਪੀ ਵੱਲੋਂ ਉਨ੍ਹਾਂ ਕੈਨੇਡੀਅਨਾਂ ਨੂੰ ਵੀ ਪੇਡ ਸਿੱਕ ਲੀਵ ਦੇਣ ਦੀ ਮੰਗ ਕੀਤੀ ਗਈ ਹੈ ਜਿਹੜੇ ਮਹਾਂਮਾਰੀ ਕਾਰਨ ਮੁਸੀਬਤ ਵਿੱਚ ਹਨ ਤੇ ਜਿਨ੍ਹਾਂ ਨੂੰ ਆਪਣੇ ਇੰਪਲੌਇਰ ਰਾਹੀਂ ਕੋਈ ਕਵਰੇਜ ਵੀ ਨਹੀਂ ਮਿਲਦੀ।



ਇਸ ਤਾਜ਼ਾ ਐਮਰਜੰਸੀ ਏਡ ਬਿੱਲ ਤਹਿਤ ਸਾਰਾ ਧਿਆਨ ਉਨ੍ਹਾਂ ਨਵੇਂ ਕੋਵਿਡ-19 ਬੈਨੇਫਿਟਸ ਉੱਤੇ ਕੇਂਦਰਿਤ ਕੀਤਾ ਗਿਆ ਹੈ ਜਿਹੜੇ ਕੈਨੇਡੀਅਨ ਐਮਰਜੰਸੀ ਰਿਸਪਾਂਸ ਬੈਨੇਫਿਟ (ਸੀਈਆਰਬੀ) ਪ੍ਰੋਗਰਾਮ ਖਤਮ ਹੋਣ ਤੱਕ ਰਹਿ ਗਏ ਖੱਪਿਆਂ ਨੂੰ ਭਰਨ ਲਈ ਤਿਆਰ ਕੀਤੇ ਗਏ ਹਨ। ਇਨ੍ਹਾਂ ਵਿੱਚ ਉਨ੍ਹਾਂ ਸੈਲਫ ਇੰਪਲੌਇਡ ਜਾਂ ਕਾਂਟਰੈਕਟ ਵਰਕਰਜ਼ ਨੂੰ ਹਫਤੇ ਦੇ 500 ਡਾਲਰ ਦੇਣ ਦੀ ਗੱਲ ਆਖੀ ਗਈ ਹੈ ਜਿਹੜੇ ਨਵੇਂ ਤੇ ਸੋਧੇ ਹੋਏ ਇੰਪਲੌਇਮੈਂਟ ਇੰਸ਼ੋਰੈਂਸ ਪਲੈਨ ਲਈ ਕੁਆਲੀਫਾਇ ਨਹੀਂ ਕਰਦੇ। ਇਸ ਦੇ ਨਾਲ ਹੀ ਪੇਡ ਸਿੱਕ ਲੀਵ ਤੇ ਕੋਵਿਡ-19 ਕਾਰਨ ਬਿਮਾਰ ਪਏ ਕਿਸੇ ਆਪਣੇ ਦੀ ਸਾਂਭ ਸੰਭਾਲ ਕਰਨ ਲਈ ਘਰ ਰਹਿਣ ਵਾਲੇ ਕੈਨੇਡੀਅਨਾਂ ਨੂੰ ਕੇਅਰਟੇਕਰ ਬੈਨੇਫਿਟ ਦੇਣ ਦੀ ਵੀ ਇਸ ਬਿੱਲ ਵਿੱਚ ਗੱਲ ਕੀਤੀ ਗਈ ਹੈ।

ਕੈਨੇਡਾ ਰਿਕਵਰੀ ਸਿੱਕਨੈਸ ਬੈਨੇਫਿਟ ਵਿੱਚ ਤਬਦੀਲੀਆਂ ਯੋਗਤਾ ਦੁਆਲੇ ਘੁੰਮਦੀਆਂ ਹਨ ਪਰ ਇਨ੍ਹਾਂ ਲਈ ਰਕਮ ਤੇ ਇਨ੍ਹਾਂ ਦੀ ਸਮਾਂ ਸੀਮਾ 500 ਡਾਲਰ ਹਫਤਾ ਹੀ ਰੱਖੀ ਗਈ ਹੈ। ਹਾਲਾਂਕਿ ਇਹ ਸੰਭਵ ਹੈ ਕਿ ਲੋੜ ਪੈਣ ਉੱਤੇ ਰੈਗੂਲੇਸ਼ਨਜ਼ ਰਾਹੀਂ ਸਮਾਂ ਸੀਮਾਂ ਵਧਾ ਵੀ ਦਿੱਤੀ ਜਾਵੇ। ਬਿੱਲ ਸੀ-4 ਨੂੰ ਪੇਸ਼ ਕੀਤੇ ਜਾਣ ਤੋਂ ਬਾਅਦ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਮਹਾਂਮਾਰੀ ਦੌਰਾਨ ਕਿਸੇ ਵੀ ਵਰਕਰ ਨੂੰ ਅਸੰਭਵ ਚੋਣ ਨਾ ਕਰਨੀ ਪਵੇ। ਅਸੀ ਚਾਹੁੰਦੇ ਹਾਂ ਕਿ ਇਸ ਬਿੱਲ ਨਾਲ ਸਿਰਫ ਕੁੱਝ ਹਜ਼ਾਰ ਲੋਕਾਂ ਨੂੰ ਹੀ ਫਾਇਦਾ ਨਾ ਹੋਵੇ ਸਗੋਂ ਇਸ ਦਾ ਫਾਇਦਾ ਕਈ ਮਿਲੀਅਨ ਲੋਕਾਂ ਤੱਕ ਪਹੁੰਚੇ।

ਇਨ੍ਹਾਂ ਵਿੱਚ ਉਨ੍ਹਾਂ ਲੋਕਾਂ ਨੂੰ ਵੀ ਫਾਇਦਾ ਹੋਣਾ ਚਾਹੀਦਾ ਹੈ ਜੋ ਇਮਿਊਨੋ ਸਪਰੈਸਡ ਹਨ, ਜੇ ਉਨ੍ਹਾਂ ਦੀ ਹਾਲਤ ਵਿਗੜ ਰਹੀ ਹੋਵੇ ਤਾਂ ਉਹ ਪੇਡ ਸਿੱਕ ਲੀਵ ਲੈ ਸਕਣ ਜਾਂ ਫਿਰ ਉਹ ਆਪਣੀ ਮੈਡੀਕਲ ਸਥਿਤੀ ਕਾਰਨ ਕੁੱਝ ਸਮੇਂ ਦੀ ਛੁੱਟੀ ਲੈਣੀ ਚਾਹੁਣ ਤਾਂ ਲੈ ਸਕਣ। ਇਸ ਵਿੱਚ ਸਾਹ ਸਬੰਧੀ ਕਈ ਤਕਲੀਫਾਂ ਵੀ ਸ਼ਾਮਲ ਹਨ। ਇਸ ਬਿੱਲ ਨੂੰ ਤੇਜ਼ੀ ਨਾਲ ਪਾਸ ਕੀਤੇ ਜਾਣ ਲਈ ਐਮਪੀਜ਼ ਤੋਂ ਇਸ ਦਾ ਅਧਿਐਨ ਛੇਤੀ ਖਤਮ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਬਿੱਲ ਵਿੱਚ ਸੋਧ ਕਰਨ ਦੀ ਐਨਡੀਪੀ ਦੀ ਮੰਗ ਨੂੰ ਮੰਨ ਕੇ ਲਿਬਰਲਾਂ ਨੇ ਭਰੋਸੇ ਦੇ ਵੋਟ ਲਈ ਸਮਰਥਨ ਜੁਟਾ ਲਿਆ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇੱਕ ਵਾਰੀ ਫਿਰ ਮਹਾਂਮਾਰੀ ਦੇ ਇਸ ਦੌਰ ਵਿੱਚ ਕੈਨੇਡੀਅਨਾਂ ਨੂੰ ਚੋਣਾਂ ਦਾ ਸਾਹਮਣਾ ਕਰਨਾ ਪੈਣਾ ਸੀ।

## ਹਵਾਲਗੀ ਰੁਕਵਾਉਣ ਲਈ ਮੁੜ ਅਦਾਲਤ ਵਿੱਚ ਪੇਸ਼ ਹੋਵੇਗੀ ਹੁਆਵੇ ਦੀ ਸੀਐਫਓ



ਵੈਨਕੂਵਰ, 28 ਸਤੰਬਰ (ਪੋਸਟ ਬਿਊਰੋ) : ਚੀਨ ਦੀ ਕਮਿਊਨਿਕੇਸ਼ਨਜ਼ ਜਾਇੰਟ ਹਾਅਵੇ ਟੈਕਨਾਲੋਜੀਜ਼ ਦੀ ਸੀਨੀਅਰ ਐਗਜ਼ੈਕਟਿਵ ਮੈਂਗ ਵਾਨਜ਼ੋਊ ਇੱਕ ਵਾਰੀ ਫਿਰ ਅਦਾਲਤ ਵਿੱਚ ਪੇਸ਼ ਹੋਵੇਗੀ। ਇਸ ਦੌਰਾਨ ਮੈਂਗ ਮੁੜ ਅਮਰੀਕਾ ਨੂੰ ਕੀਤੀ ਜਾਣੀ ਵਾਲੀ ਹਵਾਲਗੀ ਨੂੰ ਰੁਕਵਾਉਣ ਲਈ ਆਪਣੇ ਅਧਿਕਾਰਾਂ ਦੀ ਉਲੰਘਣਾਂ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰੇਗੀ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਕਹਿਣ ਉੱਤੇ ਕੈਨੇਡਾ ਨੇ 2018 ਦੇ ਅੰਤ ਵਿੱਚ ਵੈਨਕੂਵਰ ਦੇ ਏਅਰਪੋਰਟ ਉੱਤੇ ਹੁਆਵੇ ਦੇ ਬਾਨੀ ਦੀ ਧੀ ਤੇ ਕੰਪਨੀ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕਰ ਲਿਆ ਸੀ। ਅਮਰੀਕਾ ਮੈਂਗ ਖਿਲਾਫ ਫਰਾਡ ਦੇ ਚਾਰਜਿਜ਼ ਦਾ ਮਾਮਲਾ ਚਲਾਉਣ ਲਈ ਉਸ ਦੀ ਹਵਾਲਗੀ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਚੀਨ ਵੱਲੋਂ ਇਸ ਮਾਮਲੇ ਨੂੰ ਆਪਣੀ ਚੜ੍ਹਤ ਰੋਕਣ ਲਈ ਸਿਆਸੀ ਰੰਗਤ ਦੇਣ ਦਾ ਮਾਮਲਾ ਮੰਨਿਆ ਜਾ ਰਿਹਾ ਹੈ।

ਮੈਂਗ ਦੀ ਡਿਫੈਂਸ ਟੀਮ ਇਹ ਤਰਕ ਪੇਸ਼ ਕਰੇਗੀ ਕਿ ਉਸ ਦੀ ਹਵਾਲਗੀ ਸਬੰਧੀ ਕਾਰਵਾਈ ਨੂੰ ਤੁਰੰਤ ਰੋਕਿਆ ਜਾਵੇ ਕਿਉਂਕਿ ਉਨ੍ਹਾਂ ਦਾ ਦਾਅਵਾ ਹੈ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀਆਂ ਵੱਲੋਂ ਮੈਂਗ ਨੂੰ ਬਿਨਾਂ ਵਕੀਲ ਤੋਂ ਨਜ਼ਰਬੰਦ ਕੀਤਾ ਗਿਆ ਤੇ ਉਸ ਤੋਂ ਪੁੱਛਗਿੱਛ ਕੀਤੀ ਗਈ। ਇੱਥੋਂ ਤੱਕ ਕਿ ਉਸ ਦੀਆਂ ਇਲੈਕਟ੍ਰੌਨਿਕ ਡਿਵਾਇਸਿਜ਼ ਵੀ ਜ਼ਬਤ ਕਰ ਲਈਆਂ ਗਈਆਂ ਤੇ ਉਸ ਦੀ ਰਸਮੀ ਗ੍ਰਿਫਤਾਰੀ ਤੋਂ ਪਹਿਲਾਂ ਉਸ ਨੂੰ ਆਪਣੇ ਪਾਸਕੋਡਜ਼ ਦੇਣ ਲਈ ਮਜਬੂਰ ਕੀਤਾ ਗਿਆ।

ਮੈਂਗ ਦੇ ਵਕੀਲਾਂ ਵੱਲੋਂ ਇਹ ਤਰਕ ਵੀ ਰੱਖਿਆ ਜਾਵੇਗਾ ਕਿ ਆਰਸੀਐਮਪੀ ਨੇ ਐਫਬੀਆਈ ਦੇ ਇਸ਼ਾਰੇ ਉੱਤੇ ਕੰਮ ਕਰਦਿਆਂ ਮੈਂਗ ਦੇ ਲੈਪਟੌਪ, ਫੋਨਜ਼ ਤੇ ਟੇਬਲੈਟਸ ਦੀ ਸਾਰੀ ਜਾਣਕਾਰੀ ਨਾ ਸਿਰਫ ਹਾਸਲ ਕੀਤੀ ਤੇ ਸਗੋਂ ਟੈਕਨੀਕਲ ਜਾਣਕਾਰੀ ਸਾਂਝੀ ਵੀ ਕੀਤੀ, ਜੋ ਕਿ ਹਵਾਲਗੀ ਐਕਟ ਦੀ ਸਰਾਸਰ ਉਲੰਘਣਾ ਹੈ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਹਫਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਗੁਰਦੁਆਰਾ ਬਣਿਆ ਨਹੀ, ਜੱਥਾ ਪਹਿਲਾਂ ਹੀ ਕੈਨੇਡਾ ਪਹੁੰਚ ਕੇ ਗਾਇਬ ਹੋ ਗਿਆ

ਓਨਟਾਰੀਓ, 28 ਸਤੰਬਰ (ਪੋਸਟ ਬਿਊਰੋ) : ਕੈਨੇਡਾ ਦੇ ਸਿਸਟਮ ਨਾਲ ਖਿਲਵਾੜ ਕਰਕੇ ਸਰਕਾਰੀ ਤੰਤਰ ਦੀ ਦੁਰਵਰਤੋਂ ਕਰਨ ਦਾ ਨਿਵੇਕਲਾ ਮਾਮਲਾ ਸਾਹਮਣੇ ਆਇਆ ਹੈ।

ਨੈਸ਼ਨਲ ਪੋਸਟ ਵਿੱਚ ਛਪੀ ਖਬਰ ਅਨੁਸਾਰ ਇਹ ਮਾਮਲਾ ਓਨਟਾਰੀਓ ਦੇ ਸ਼ਹਿਰ ਫੋਰਟ ਐਰੀ ਵਿਖੇ ਖੁੱਲ੍ਹ ਰਹੇ ਇੱਕ ਗੁਰਦੁਆਰੇ ਦੀ ਇਮਾਰਤ ਦਾ ਹੈ, ਜੋ ਕਦੇ ਗੁਰਦੁਆਰਾ ਬਣਿਆ ਹੀ ਨਹੀਂ ਅਤੇ ਨਾ ਹੀ ਉੱਥੇ ਗੁਰਦੁਆਰਾ ਬਣਾਉਣ ਲਈ ਅਜੇ ਤੱਕ ਕੋਈ ਸਰਕਾਰੀ ਮਨਜ਼ੂਰੀ ਹੀ ਮਿਲੀ ਹੈ। ਉੱਤੋਂ ਦਿਲਚਸਪ ਗੱਲ ਇਹ ਹੈ ਕੇ ਇਸ ਟੁੱਟੀ ਫੁੱਟੀ ਇਮਾਰਤ ਦੇ ਪਤੇ ਉੱਤੇ ਇੱਕ ਗੁਰਦੁਆਰਾ ਰਜਿਸਟਰ ਵੀ ਹੋ ਗਿਆ ਹੈ ਅਤੇ ਇਸੇ ਦੇ ਆਧਾਰ 'ਤੇ ਇੱਕ ਰਾਗੀ ਜੱਥਾ ਵੀ ਸਪੌਂਸਰ ਕੀਤਾ ਜਾ ਚੁੱਕਾ ਹੈ, ਜੋ ਹੁਣ ਗਾਇਬ ਹੋ ਗਿਆ ਦੱਸਿਆ ਜਾਂਦਾ ਹੈ।

ਇਸ ਗੱਲ ਉੱਤੇ ਸਹਿਜੇ ਯਕੀਨ ਕਰ ਪਾਉਣਾ ਭਾਵੇਂ ਮੁਸ਼ਕਲ ਹੈ ਪਰ ਨੈਸ਼ਨਲ ਪੋਸਟ ਦੀ ਕਹਾਣੀ ਅਨੁਸਾਰ ਹੋਇਆ ਇਹੀ ਹੈ। ਇੱਥੇ ਇਹ ਗੱਲ ਵੀ ਦੱਸਣ ਯੋਗ ਹੈ ਕੇ ਇਹ ਰਜਿਸਟਰ ਹੋਇਆ ਗੁਰਦੁਆਰਾ ਇੱਕ ਟੁੱਟੀ ਹੋਈ ਇਮਾਰਤ ਹੈ ਜੋ ਵਰਤੋਂ ਯੋਗ ਨਹੀਂ ਹੈ ਤੇ ਕੁਝ ਸਾਲ ਪਹਿਲਾਂ ਇੱਥੇ ਇੱਕ ਮੋਟਲ ਹੁੰਦਾ ਸੀ ਜੋ ਬੰਦ ਹੋ ਗਿਆ ਸੀ। ਪਿਛਲੇ ਸਾਲ 2019 ਵਿੱਚ ਸਾਡੇ ਬਰੈਂਪਟਨ ਸ਼ਹਿਰ ਦੇ ਇੱਕ ਪਤਵੰਤੇ ਸੱਜਣ ਬਚਿੱਤਰ ਸੈਣੀ ਨੇ 2323266 2323266 (Ontario Inc.) ਨਾਮ ਦੀ ਕੰਪਨੀ (ਜਿਸਦਾ ਬਚਿੱਤਰ ਸੈਣੀ ਨਿਰਦੇਸ਼ਕ ਹੈ) ਹੇਠ ਇਹ ਮੋਟਲ 310,000 ਡਾਲਰ ਦਾ ਖਰੀਦਿਆ ਸੀ।

ਦੇਸ਼ ਦੇ ਕਈ ਕਾਰਜਸ਼ੀਲ (ਪਹਿਲਾਂ ਤੋਂ ਚੱਲਦੇ) ਗੁਰਦੁਆਰਿਆਂ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਉਹ ਨਵੀਂ ਸਹੂਲਤ ਬਾਰੇ ਥੋੜ੍ਹਾ ਜਾਣਦੇ ਹਨ, ਅਤੇ ਇਸ ਦੇ ਸੰਚਾਲਨ ਬਾਰੇ ਕੋਈ ਟਿੱਪਣੀ ਨਹੀਂ ਕਰ ਸਕੇ। ਪਰ ਉਹ ਚੇਤਾਵਨੀ ਦਿੰਦੇ ਹਨ ਕਿ ਸਿਰਫ ਨਾਮ ਦੇ ਗੁਰਦੁਆਰੇ, "ਝੂਠੇ ਬਹਾਨੇ ਹੇਠ" ਚਲਾਉਣਾ ਇਕ ਵੱਡੀ ਸਮੱਸਿਆ ਹੈ। ਕਥਿਤ ਤੌਰ ਉੱਤੇ ਹਜ਼ਾਰਾਂ ਡਾਲਰ ਸਪਾਂਸਰਸ਼ਿਪ ਲਈ ਲੈ ਕੇ ਲੋਕਾਂ ਨੂੰ ਵੀਜ਼ਾ ਅਤੇ ਕੈਨੇਡਾ ਵਿਚ ਉਤਾਰਿਆ ਜਾਂਦਾ ਹੈ।

ਦੂਜੇ ਸ਼ਬਦਾਂ ਵਿਚ ਕਹੀਏ ਤਾਂ, ਇੱਥੇ (ਫੋਰਟ ਐਰੀ ਵਿਖੇ) ਕੋਈ ਗੁਰਦੁਆਰਾ ਨਹੀਂ ਹੈ। ਫਿਰ ਵੀ "ਫੋਰਟ ਐਰੀ ਖਾਲਸਾ ਦਰਬਾਰ", ਅਪ੍ਰੈਲ, 2019 ਵਿਚ ਫੈਡਰਲ ਗੈਰ ਮੁਨਾਫੇ (ਇਦਦਰਅਲ'ੋਨ ਫਰੋਟਿ) ਵਜੋਂ ਸ਼ਾਮਲ ਕੀਤਾ ਗਿਆ ਸੀ ਅਤੇ ਇਸ ਫਰਵਰੀ ਵਿਚ ਧਾਰਮਿਕ ਦਾਨ ਦਾ ਦਰਜਾ ਪ੍ਰਾਪਤ ਹੋਇਆ ਹੈ, ਨੇ ਘੱਟੋ ਘੱਟ ਤਿੰਨ ਗ੍ਰੰਥੀਆਂ ਨੂੰ ਓਟਾਵਾ ਦੁਆਰਾ ਜਾਰੀ ਕੀਤੇ ਗਏ ਵਿਸ਼ੇਸ਼ ਵੀਜ਼ੇ 'ਤੇ ਭਾਰਤ ਤੋਂ ਇਥੇ ਆਉਣ ਲਈ ਸਪਾਂਸਰ ਕੀਤਾ ਹੈ। ਫੋਰਟ ਐਰੀ ਖ਼ਾਲਸਾ ਦਰਬਾਰ ਦੇ ਨਿਰਦੇਸ਼ਕਾਂ - ਜਿਸ ਨੂੰ ਪੰਜਾਬੀ ਵਿਚ ਇਕ ਗੁਰਦੁਆਰਾ ਕਿਹਾ ਜਾਂਦਾ ਹੈ - ਦਾ ਕਹਿਣਾ ਹੈ ਕਿ ਉਹ ਇਕ ਦਿਨ ਇਸ ਨੂੰ ਖੋਲ੍ਹਣ ਦਾ ਪੂਰਾ ਇਰਾਦਾ ਰੱਖਦੇ ਹਨ ਅਤੇ ਸੋਚਦੇ ਸਨ ਕਿ ਉਨ੍ਹਾਂ ਦੇ ਗ੍ਰੰਥੀਆਂ ਦੇ ਆਉਣ ਤੱਕ ਇਹ ਚੱਲ ਪਵੇਗਾ। ਫੋਰਟ ਐਰੀ ਖ਼ਾਲਸਾ ਦਰਬਾਰ ਦੇ ਨਿਰਦੇਸ਼ਕ ਬਚਿੱਤਰ ਸੈਣੀ ਨੇ ਇਹ ਵੀ ਕਿਹਾ ਹੈ ਕਿ "ਕੰਮ ਰੋਕਣ ਦੇ ਆਦੇਸ਼ ਨੇ ਇਮਾਰਤ ਨੂੰ ਉਨ੍ਹਾਂ ਦੇ ਲਈ ਤਿਆਰ ਹੋਣ ਅਤੇ ਸੰਭਾਵੀ ਸੰਗਤੀ ਇਕੱਠ ਨੂੰ ਰੋਕਿਆ। ਉਸਨੇ ਕਿਹਾ ਕਿ ਉਹ ਹੁਣ ਮੋਟਲ ਨੂੰ ਢਾਹੁਣ ਅਤੇ ਨਵੇਂ ਸਿਰਿਓਂ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ"। ਵੈਸੇ ਇਹ ਆਪਣੇ ਆਪ 'ਚ ਮਿਸਾਲੀ ਕੰਮ ਹੋਇਆ ਹੈ ਕੇ ਸੰਭਾਵੀ ਗੁਰਦਵਾਰੇ ਦੀ ਅਜੇ ਕੋਈ ਮੰਜ਼ੂਰੀ ਨਹੀਂ ਮਿਲੀ, ਫੋਰਟ ਐਰੀ ਖਾਲਸਾ ਦਰਬਾਰ ਦੇ ਨਾਮ ਤੇ ਸੰਸਥਾ ਰਜਿਸਟਰ ਵੀ ਹੋ ਗਈ ਅਤੇ ਇਸ ਗੁਰਦੁਆਰੇ ਦੇ ਨਾਮ ਤੇ ਜੱਥਾ ਮੰਗਵਾਇਆ ਵੀ ਜਾ ਚੁੱਕਾ ਹੈ ਜੋ ਗਾਇਬ ਵੀ ਹੋ ਗਿਆ ਹੈ। ਨਾਲ ਦੀ ਨਾਲ ਇਹ ਗੱਲ ਵੀ ਵਰਨਣਯੋਗ ਹੈ ਕੇ ਸੰਭਾਵੀ ਗੁਰਦੁਆਰੇ ਦੀ ਇਮਾਰਤ ਢਾਹ ਕੇ ਨਵੀਂ ਬਣਾਉਣ ਦੀ ਯੋਜਨਾ ਬਣ ਰਹੀ ਹੈ।

ਇੱਕ ਹੋਰ ਸਭ ਤੋਂ ਦਿਲਚਸਪ ਅਤੇ ਮਹੱਤਵਪੂਰਨ ਗੱਲ ਇਹ ਵੀ ਹੈ ਕੇ ਸਿਟੀ ਦੇ ਨੁਮਾਇੰਦੇ ਟੈਸਮਰ ਦੇ ਸੱਦਣ ਅਨੁਸਾਰ ਅਜੇ ਤੱਕ ਇਸ ਜਗਾਹ ਤੇ ਗੁਰਦੁਆਰਾ ਖੋਲ੍ਹਣ ਨੂੰ ਜਾਇਜ਼ ਬਣਾਉਣ ਲਈ ਅਤੇ ਜੋਨਿਗ ਬਦਲਣ ਲਈ ਕੋਈ ਅਰਜੀ ਹੀ ਨਹੀਂ ਦਿੱਤੀ ਹੈ।'

# ਹਾਲਟਨ ਪੁਲਿਸ ਨੇ 4 ਮਿਲੀਅਨ ਡਾਲਰ ਦੇ ਨਸ਼ੇ ਕੀਤੇ ਬਰਾਮਦ




ਹਾਲਟਨ, 28 ਸਤੰਬਰ (ਪੋਸਟ ਬਿਊਰੋ) : ਹਾਲਟਨ ਰੀਜਨਲ ਪੁਲਿਸ ਦੀ ਚੌਕਸੀ ਸਦਕਾ ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ ਹਨ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪ੍ਰੋਜੈਕਟ ਮੂਵਰ ਤਹਿਤ ਸਾਲ ਭਰ ਚੱਲੀ ਜਾਂਚ ਦਾ ਹੀ ਇਹ ਨਤੀਜਾ ਹੈ। ਇਹ ਜਾਂਚ 2019 ਦੇ ਅੰਤ ਵਿੱਚ ਹਾਲਟਨ ਵਿੱਚ ਸੁਰੂ ਹੋਈ ਸੀ। ਹਾਲਟਨ ਪੁਲਿਸ ਦੇ ਇਤਿਹਾਸ ਵਿਚ 4 ਮਿਲੀਅਨ ਡਾਲਰ ਦੀ ਫੜ੍ਹੀ ਗਈ ਇਹ ਸੱਭ ਤੋਂ ਵੱਡੀ ਖੇਪ ਹੈ। ਜਾਂਚਕਾਰਾਂ ਨੇ ਦੱਸਿਆ ਕਿ ਪ੍ਰੋਜੈਕਟ ਮੂਵਰ ਦੇ ਕੋਰਸ ਦੌਰਾਨ ਉਨ੍ਹਾਂ ਨੂੰ 10.25 ਕਿੱਲੋਗ੍ਰਾਮ ਫੈਂਟਾਨਿਲ, ਇੱਕ ਕਿੱਲੋਗ੍ਰਾਮ ਕੋਕੀਨ, 1.25 ਕਿੱਲੋਗ੍ਰਾਮ ਕ੍ਰਿਸਟਨ ਮੈਥਾਮਫੈਟਾਮਾਈਨ ਤੇ 300,000 ਕੈਨੇਡੀਅਨ ਡਾਲਰ ਬਰਾਮਦ ਹੋਏ ਹਨ। ਓਕਵਿੱਲ ਦੇ 46 ਸਾਲਾ ਤੇ 28 ਸਾਲਾ ਵਿਅਕਤੀਆਂ ਨੂੰ ਨਸ਼ਿਆਂ ਦੀ ਸਮਗਲਿੰਗ ਕਰਨ ਤੇ ਜੁਰਮ ਨਾਲ 5000 ਡਾਲਰ ਤੋਂ ਵੱਧ ਦੀ ਸੰਪਤੀ ਰੱਖਣ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ, ਮਾਰਖਮ, ਟੋਰਾਂਟੋ, ਬਰੈਂਪਟਨ, ਹੈਮਿਲਟਨ, ਅਲਬਰਟਾ ਤੇ ਮਿਸੀਸਾਗਾ ਦੇ ਸੱਤ ਹੋਰਨਾਂ ਵਿਅਕਤੀਆਂ ਨੂੰ ਵੀ ਇਸ ਆਪਰੇਸ਼ਨ ਦੇ ਸਬੰਧ ਵਿੱਚ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਬੀਸੀ ਤੇ ਓਨਟਾਰੀਓ ਵਿੱਚ 3500 ਮੁਲਾਜ਼ਮ ਹਾਇਅਰ ਕਰੇਗੀ ਐਮੇਜ਼ੌਨ




ਓਨਟਾਰੀਓ, 28 ਸਤੰਬਰ (ਪੋਸਟ ਬਿਊਰੋ) : ਐਮੇਜ਼ੌਨ ਇਨਕਾਰਪੋਰੇਸ਼ਨ ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਵਿੱਚ ਆਪਣੇ ਕਾਰੋਬਾਰ ਦੇ ਪਸਾਰ ਲਈ 3500 ਮੁਲਾਜ਼ਮ ਹੋਰ ਭਰਤੀ ਕਰੇਗੀ। ਈ ਕਾਮਰਸ ਜਾਇੰਟ ਨੇ ਸੋਮਵਾਰ ਨੂੰ ਇਹ ਖੁਲਾਸਾ ਕੀਤਾ ਕਿ ਉਹ ਵੈਨਕੂਵਰ ਵਿੱਚ 3000 ਨੌਕਰੀਆਂ ਦੇਵੇਗੀ। ਇਸ ਤੋਂ ਇਲਾਵਾ 500 ਨੌਕਰੀਆਂ ਟੋਰਾਂਟੋ ਵਿੱਚ ਵੀ ਦਿੱਤੀਆਂ ਜਾਣਗੀਆਂ। ਐਮਜ਼ੌਨ ਦੇ ਵਾਈਸ ਪ੍ਰੈਜ਼ੀਡੈਂਟ ਤੇ ਵੈਨਕੂਵਰ ਸਾਈਟ ਦੇ ਲੀਡ ਜੈਸ ਡੌਹਰਟੀ ਨੇ ਆਖਿਆ ਕਿ ਕੰਪਨੀ ਇਸ ਲਈ ਕੈਨੇਡਾ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਚਾਹੁੰਦੀ ਹੈ ਕਿਉਂਕਿ ਇੱਥੇ ਟੈਕਨੌਲੋਜੀ ਨੂੰ ਸਮਝਣ ਵਾਲੇ ਹੁਨਰਮੰਦ ਲੋਕ ਕਾਫੀ ਹਨ।

ਉਨ੍ਹਾਂ ਆਖਿਆ ਕਿ ਅਸੀਂ ਇਹ ਨਜ਼ਰੀਆ ਲੈ ਕੇ ਚੱਲਦੇ ਹਾਂ ਕਿ ਅਸੀਂ ਵਿਕਾਸ ਕਿਵੇਂ ਕਰ ਸਕਦੇ ਹਾਂ ਤਾਂ ਕਿ ਲੋਕਾਂ ਨੂੰ ਕੁੱਝ ਸਿੱਖਣ ਲਈ ਕੈਨੇਡਾ ਨਾ ਛੱਡਣਾ ਪਵੇ। ਇਨ੍ਹਾਂ ਨਵੀਆਂ ਕਾਰਪੋਰੇਟ ਤੇ ਟੈਕ ਜੌਬਜ਼ ਵਿੱਚ ਸਾਫਟਵੇਅਰ ਡਿਵੈਲਪਮੈਂਟ ਇੰਜੀਨੀਅਰ, ਯੂਜ਼ਰ ਐਕਸਪੀਰੀਐਂਸ ਡਿਜ਼ਾਈਨਰਜ਼, ਸਪੀਚ ਸਾਇੰਟਿਸਟਸ-ਜੋ ਅਲੈਕਸਾ ਨੂੰ ਹੋਰ ਸਮਾਰਟ ਬਣਾਉਣ ਉੱਤੇ ਕੰਮ ਕਰ ਰਹੇ ਹਨ, ਕਲਾਊਡ ਕੰਪਿਊਟਿੰਗ ਸੌਲਿਊਸ਼ਨਜ਼ ਆਰਕੀਟੈਕਟਸ, ਸੇਲਜ਼ ਤੇ ਮਾਰਕਿਟਿੰਗ ਐਗਜ਼ੈਕਟਿਵਜ਼ ਵਰਗੀਆਂ ਨੌਕਰੀਆਂ ਸ਼ਾਮਲ ਹਨ।

# ਛੇ ਮਹੀਨਿਆਂ ਬਾਅਦ ਖੁੱਲ੍ਹੇ ਕੈਸੀਨੋਜ਼



ਟੋਰਾਂਟੋ, 28 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਨਵੇਂ ਮਾਮਲੇ ਭਾਵੇਂ ਪ੍ਰੋਵਿੰਸ ਭਰ ਤੇ ਹੋਰਨਾਂ ਥਾਂਵਾਂ ਉੱਤੇ ਵੱਧ ਰਹੇ ਹਨ ਪਰ ਛੇ ਮਹੀਨਿਆਂ ਵਿੱਚ ਪਹਿਲੀ ਵਾਰੀ ਸੋਮਵਾਰ ਨੂੰ ਕੈਸੀਨੋ ਵੀ ਸ਼ੁਰੂ ਹੋਣ ਜਾ ਰਹੇ ਹਨ।

ਜੀਟੀਏ ਦੇ ਬਹੁਤੇ ਵੱਡੇ ਕੈਸੀਨੋਜ਼ ਖੁੱਲ੍ਹ ਗਏ ਇਨ੍ਹਾਂ ਵਿੱਚ ਕੈਸੀਨੋ ਵੂੱਡਬਾਈਨ, ਗ੍ਰੇਟ ਬਲੂ ਹੈਰੋਨ ਤੇ ਕੈਸੀਨੋ ਐਜੈਕਸ ਵੀ ਸ਼ਾਮਲ ਹਨ। ਕੈਸੀਨੋਜ਼ ਦੇ ਦਰਵਾਜ਼ਿਆਂ ਉਤੇ ਸਕ੍ਰੀਨਿੰਗ ਹੋਵੇਗੀ, ਸਾਰੇ ਕਿਤੇ ਸੈਨੇਟਾਈਜ਼ਰ ਹੋਣਗੇ ਤੇ ਇੱਕ ਸਮੇਂ ਵਿੱਚ 50 ਖਿਡਾਰੀਆਂ ਨੂੰ ਖੇਡਣ ਦਾ ਮੌਕਾ ਮਿਲੇਗਾ।

ਇਸ ਲਈ ਐਡਵਾਂਸ ਵਿੱਚ ਆਨਲਾਈਨ ਬੁਕਿੰਗ ਵੀ ਰੱਖੀ ਗਈ ਹੈ। ਦੂਜੇ ਪਾਸੇ ਓਨਟਾਰੀਓ ਵਿੱਚ ਐਤਵਾਰ ਤੱਕ ਕੋਵਿਡ-19 ਦੇ 491 ਕੇਸ ਪਾਏ ਗਏ ਜਦਕਿ ਇੱਥੇ 42,000 ਟੈਸਟ ਹੋਏ। ਮਈ ਤੋਂ ਬਾਅਦ ਇੱਥੇ ਇਹ ਕੋਵਿਡ ਦੇ ਸੱਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ।

# ਲਾਪਤਾ ਮਹਿਲਾ ਦੇ ਕਤਲ ਦੇ ਸਬੰਧ ਵਿੱਚ ਪਤੀ ਨੂੰ ਕੀਤਾ ਗਿਆ ਚਾਰਜ



ਓਨਟਾਰੀਓ, 28 ਸਤੰਬਰ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਜੁਲਾਈ ਤੋਂ ਲਾਪਤਾ ਅਰੋਰਾ ਦੀ ਮਹਿਲਾ ਨੂੰ ਉਸ ਦੇ ਪਤੀ ਨੇ ਹੀ ਮਾਰਿਆ ਹੈ।

ਨਤੀਜੇ ਵਜੋਂ ਉਨ੍ਹਾਂ ਵੱਲੋਂ 61 ਸਾਲਾ ਜੌਹਨ ਸੇਡੋ ਨੂੰ ਕਤਲ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਉਸ ਦੀ 61 ਸਾਲਾ ਪਤਨੀ ਹੈਲਨ ਨੂੰ ਆਖਰੀ ਵਾਰੀ 29 ਜੁਲਾਈ ਦੀ ਸ਼ਾਮ ਨੂੰ ਟਰੀਗ੍ਰੋਵ ਸਰਕਲ ਸਥਿਤ ਇਸ ਜੋੜੇ ਦੇ ਘਰ ਵੇਖਿਆ ਗਿਆ ਸੀ। ਇਹ ਥਾਂ ਬਾਥਰਸਟ ਤੇ ਸੇਂਟ ਜੌਹਨਜ਼ ਇਲਾਕੇ ਵਿੱਚ ਹੈ।

ਪੁਲਿਸ ਵੱਲੋਂ ਹੈਲਨ ਦੇ ਪਤੀ ਦੀਆਂ ਉਸ ਦੇ ਗਾਇਬ ਹੋਣ ਦੇ ਨੇੜੇ ਤੇੜੇ ਲਈਆਂ ਗਈਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ। ਪੁਲਿਸ 29,30,31 ਜੁਲਾਈ ਨੂੰ ਹੈਲਨ ਜਾਂ ਉਸ ਦੇ ਪਤੀ ਦੀ ਕਾਰ ਨੂੰ ਕਿਸੇ ਵੱਲੋਂ ਵੇਖੇ ਜਾਣ ਬਾਰੇ ਪੁੱਛਗਿੱਛ ਕਰ ਰਹੀ ਹੈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਾਰ 2012 ਮਾਡਲ ਦੀ ਸਿਲਵਰ ਰੰਗ ਦੀ ਐਕਿਊਰਾ ਆਰਡੀਐਕਸ ਹੈ ਜਿਸ ਉੱਤੇ ਲਾਇਸੰਸ ਪਲੇਟ ਸੀ-ਬੀ-ਡੀ-ਵਾਇ 0-1-5 ਲੱਗੀ ਹੋਈ ਹੈ।

# ਕੋਵਿਡ-19 ਦੀ ਦੂਜੀ ਵੇਵ ਪਹਿਲਾਂ ਨਾਲੋਂ ਵੀ ਹੋ ਸਕਦੀ ਹੈ ਖਤਰਨਾਕ : ਫੋਰਡ



ਓਨਟਾਰੀਓ, 28 ਸਤੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਦਾ ਕਹਿਣਾ ਹੈ ਕਿ ਕੋਵਿਡ-19 ਦੀ ਦੂਜੀ ਵੇਵ ਆ ਚੁੱਕੀ ਹੈ ਤੇ ਅਸੀਂ ਹਰ ਪੱਖ ਖੁੱਲ੍ਹਾ ਰੱਖ ਕੇ ਚੱਲ ਰਹੇ ਹਾਂ। ਫੋਰਡ ਨੇ ਆਖਿਆ ਕਿ ਹੁਣ ਕੇਸਾਂ ਵਿੱਚ ਤੇਜ਼ੀ ਨਾਲ ਇਜਾਫਾ ਹੋ ਰਿਹਾ ਹੈ ਤੇ ਅਜਿਹਾ ਲੱਗਦਾ ਹੈ ਕਿ ਇਹ ਪਹਿਲਾਂ ਵਾਲੇ ਗੇੜ ਨਾਲੋਂ ਵੀ ਖਤਰਨਾਕ ਹੋਵੇਗੀ।

ਪ੍ਰੋਵਿੰਸ ਵੱਲੋਂ 700 ਨਵੀਆਂ ਇਨਫੈਕਸ਼ਨਜ਼ ਰਿਕਾਰਡ ਕੀਤੇ ਜਾਣ ਤੋਂ ਬਾਅਦ ਫੋਰਡ ਨੇ ਸੋਮਵਾਰ ਨੂੰ ਆਖਿਆ ਕਿ ਸਾਨੂੰ ਹਾਲ ਦੀ ਘੜੀ ਇਹ ਨਹੀਂ ਪਤਾ ਕਿ ਇਹ ਵੇਵ ਕਿੰਨੀ ਮਾੜੀ ਹੋ ਸਕਦੀ ਹੈ। ਇਸ ਮੌਕੇ ਡਾ. ਡੇਵਿਡ ਵਿਲੀਅਮ ਨੇ ਆਖਿਆ ਕਿ ਭਾਵੇਂ ਅਸੀਂ ਸੈਕਿੰਡ ਵੇਵ ਵਿੱਚ ਹਾਂ ਪਰ ਸਵਾਲ ਇਹ ਹੈ ਕਿ ਇਹ ਕਿਸ ਕਿਸਮ ਦੀ ਵੇਵ ਹੈ? ਸਾਨੂੰ ਇਸ ਬਾਰੇ ਇਹ ਵੀ ਨਹੀਂ ਪਤਾ ਕਿ ਇਹ ਕਿੰਨੀ ਵੱਡੀ ਹੋ ਸਕਦੀ ਹੈ। ਇਹ ਸੁਨਾਮੀ ਵਰਗੀ ਸੈਕਿੰਡ ਵੇਵ ਨਹੀਂ ਹੈ ਪਰ ਅਸੀਂ ਇਹ ਨਜ਼ਰ ਰੱਖ ਰਹੇ ਹਾਂ ਕਿ ਇਹ ਸਾਡੇ ਸਿਸਟਮ ਉੱਤੇ ਕਿਹੋ ਜਿਹਾ ਅਸਰ ਪਾਵੇਗੀ। ਇਸ ਵਾਰੀ ਸਾਡੀ ਤਿਆਰੀ ਪਹਿਲਾਂ ਨਾਲੋਂ ਜ਼ਿਆਦਾ ਹੈ। ਅਸੀਂ ਪਹਿਲਾਂ ਵਾਂਗ ਹੀ ਇਸ ਨੂੰ ਵੀ ਠੱਲ੍ਹ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਹਾਂ।

# ਇਟੋਬੀਕੋ ਵਿੱਚ ਵਾਪਰੇ ਗੋਲੀਕਾਂਡ ਵਿੱਚ ਇੱਕ ਹਲਾਕ ਇੱਕ ਜ਼ਖ਼ਮੀ

ਇਟੋਬੀਕੋ, 28 ਸਤੰਬਰ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਉੱਤਰੀ ਇਟੋਬੀਕੋ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਹੋਰ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਇੱਕ ਬਿਲਡਿੰਗ ਵਿੱਚ ਦੋ ਵਿਅਕਤੀਆਂ ਨੂੰ ਗੋਲੀ ਮਾਰੇ ਜਾਣ ਦੀ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਸ਼ਾਮ ਦੇ 7:30 ਵਜੇ ਕਿਪਲਿੰਗ ਐਵਨਿਊ ਤੇ ਮਾਂਊਂਟ ਓਲਿਵ ਡਰਾਈਵ ਇਲਾਕੇ ਵਿੱਚ ਪਹੁੰਚੀ।

ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਇੱਕ ਹੋਰ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਹੋਰ ਕੋਈ ਜਾਣਕਾਰੀ ਰਲੀਜ਼ ਨਹੀਂ ਕੀਤੀ ਗਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

## ਅੱਜ ਨਾਮਾ

ਦਿੱਲੀ ਤੱਕ ਗਏ ਕਾਂਗਰਸ ਦੇ ਯੂਥ ਆਗੂ,
ਟਰੈਕਟਰ ਇੱਕ ਸੀ ਛੱਡਿਆ ਸਾੜ ਬੇਲੀ।
ਤੌੜੀ ਉੱਬਲਦੀ ਵਾਂਗ ਉਹ ਉੱਬਲਦੇ ਸੀ,
ਲਿਆ ਫਿਰ ਕਿਸੇ ਦਾ ਕੀ ਵਿਗਾੜ ਬੇਲੀ।
ਦਿੱਲੀ ਪੁਲਸ ਨੇ ਦਰਜ ਹੈ ਕੇਸ ਕਰਿਆ,
ਫੜ ਕੇ ਦੇਊਗੀ ਜੇਲ੍ਹ ਵਿੱਚ ਤਾੜ ਬੇਲੀ।
ਕੇਸ ਭੁਗਤਣਗੇ ਆਪ ਇਹ ਚਾਰ ਸ਼ੋਹਦੇ,
ਆਉਣੀ ਪਿੱਛੇ ਨਾ ਰਹਿੰਦੜੀ ਧਾੜ ਬੇਲੀ।
ਚੜ੍ਹਦੀ ਵੇਖੀ ਕਿਸਾਨਾਂ ਦੀ ਲਹਿਰ ਜਿੰਦਾਂ,
ਲਾਹਾ ਨਿਕਲ ਪਏ ਚੜ੍ਹਤ ਦਾ ਲੈਣ ਬੇਲੀ।
ਮੁਲਾਕਾਤ ਜੇ ਕਰਨ ਲਈ ਦਿਲ ਕਰਿਆ,
ਦਿੱਲੀਉਂ ਸੱਦਣਗੇ ਭਾਈ ਜਾਂ ਭੈਣ ਬੇਲੀ।

**ਤੀਸ ਮਾਰ ਖਾਂ**

# ਕਿਸਾਨਾਂ ਦੇ ਹੱਕ ਵਿੱਚ ਨਵਜੋਤ ਸਿੰਘ ਸਿੱਧੂ ਮੈਦਾਨ ਵਿੱਚ ਆਇਆ

### * ਪੰਜਾਬ ਦੇ ਕਿਸਾਨ ਤੇ ਜ਼ਮੀਨ ਨੂੰ ਵਰਤਿਆ ਗਿਐ : ਸਿੱਧੂ




ਧੂਰੀ, 28 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ਼ ਕਿਸਾਨਾਂ ਦਾ ਸੰਘਰਸ਼ ਅੱਜ ਸ਼ਹੀਦ ਭਗਤ ਸਿੰਘ ਦੇ ਜਨਮ-ਦਿਵਸ ਮੌਕੇ ਹੋਰ ਤਿੱਖਾਹੋ ਗਿਆ। ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਪੰਜਾਬ ਸਰਕਾਰ ਨੇ ਵਿਸ਼ਾਲ ਇਕੱਠ ਕਰ ਕੇ ਕਿਸਾਨੀ ਹੱਕਾਂ ਲਈ ਹਰ ਕੋਸ਼ਿਸ਼ ਕਰਨ ਦੀ ਵਚਨਬੱਧਤਾ ਦਿਖਾਈ ਤਾਂਪਾਰਟੀਤੋਂ ਨਾਰਾਜ਼ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇਅੱਜ ਕਿਸਾਨਾਂ ਦੇ ਹੱਕ ਵਿੱਚ ਮੋਰਚਾ ਖੋਲ੍ਹ ਕੇ ਕੇਂਦਰ ਸਰਕਾਰਾਂ ਦੀਆਂ ਕਿਸਾਨ ਵਿਰੋਧ ਨੀਤੀਆਂ ਉੱਤੇ ਸਵਾਲ ਉਠਾਏ ਹਨ।

ਅੱਜ ਧੂਰੀ ਵਿਖੇ ਕੀਤੀ ਵਿਸ਼ਾਲ ਰੈਲੀ ਵਿੱਚ ਕੇਂਦਰ ਸਰਕਾਰ ਉੱਤੇ ਨਿਸ਼ਾਨਾ ਲਾ ਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ 60 ਫ਼ੀਸਦੀ ਗਿਣਤੀ ਕਿਸਾਨ ਹੋਣ ਦੇ ਬਾਵਜੂਦ ਇਨ੍ਹਾਂ ਦੀ ਆਵਾਜ਼ ਨੂੰ ਦਬਾਇਆ ਗਿਆ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਖੁਦ ਚੋਣਾਂ ਲੜ ਕੇ ਅਪਣੇ ਆਗੂ ਵਿਧਾਨ ਸਭਾ ਭੇਜਣ,ਤਾਂ ਕਿ ਉਨ੍ਹਾਂ ਦੀ ਆਵਾਜ਼ ਸੁਣੀ ਜਾਵੇ। ਸਿੱਧੂ ਨੇ ਕਿਹਾ ਕਿ ਉਹ ਰਾਜਨੀਤੀਛੱਡ ਕੇ ਇਹ ਲੜਾਈ ਸਿਰਫ ਪੰਜਾਬ ਲਈ ਲੜਨਗੇ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਕੰਮ ਮੁਸ਼ਕਲਾਂ ਦਾ ਹੱਲਕੱਢਣਾ ਹੈ, ਪਿੱਠ ਦਿਖਾਉਣਾ ਨਹੀਂ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਨੂੰ ਵਰਤ ਕੇ ਸੁੱਟਿਆ ਜਾ ਰਿਹਾ ਹੈ, ਪਹਿਲਾਂ ਦੇਸ਼ ਦੀ ਅੰਨ ਦੀ ਲੋੜ ਲਈ ਹਰੀ ਕ੍ਰਾਂਤੀ ਦੇ ਬਹਾਨੇਪੰਜਾਬ ਦੇਕਿਸਾਨ ਅਤੇ ਜ਼ਮੀਨ ਨੂੰ ਵਰਤਿਆ ਗਿਆ। ਜਦੋਂ ਕਿਸਾਨਾਂ ਨੂੰ ਮਦਦ ਦੀ ਲੋੜ ਹੈ ਤਾਂ ਉਨ੍ਹਾਂ ਨੂੰ ਕਾਰ-ਪੋਰੇਟ ਘਰਾਣਿਆਂ ਦੇ ਰਹਿਮ ਉੱਤੇ ਛੱਡਿਆ ਜਾ ਰਿਹਾ ਹੈ।

ਭਾਜਪਾ ਦੀ ਨਰਿੰਦਰ ਮੋਦੀ ਸਰਕਾਰ ਨੂੰ ਵੰਗਾਰ ਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਨੇ ਯੂਜ਼ ਐਂਡ ਥ੍ਰੋਅ ਦੀ ਨੀਤੀ ਅਪਣਾਈ ਅਤੇ ਕਿਸਾਨਾਂ ਦੇ ਹੱਕਾਂ ਉੱਤੇ ਡਾਕਾ ਮਾਰਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਨੂੰ ਪੂੰਜੀਪਤੀ ਚਲਾ ਰਹੇ ਹਨ, ਜਿਨ੍ਹਾਂ ਦੇ ਇਸ਼ਾਰੇ ਉੱਤੇਲੋਕ-ਮਾਰੂ ਕਦਮ ਚੁੱਕੇ ਜਾਂਦੇ ਹਨ। ਸਿੱਧੂ ਨੇ ਕਿਹਾ ਕਿ ਜਦੋਂ ਤਕ ਅਸੀਂ ਇਕੱਠੇ ਹਾਂ, ਸਾਨੂੰ ਕੋਈ ਤਾਕਤ ਹਿਲਾ ਨਹੀਂ ਸਕਦੀ। ਕੇਂਦਰ ਸਰਕਾਰ ਦੇ ਨਵੇਂ ਖੇਤੀ ਮਾਡਲ ਉੱਤੇਬਾਰੇ ਸਿੱਧੂ ਨੇ ਕਿਹਾ ਕਿ ਜਦੋਂ ਇਹ ਮਾਡਲ ਯੂਰਪ ਅਤੇ ਅਮਰੀਕਾ ਵਿੱਚ ਫੇਲ੍ਹ ਹੋ ਚੁੱਕਾ ਹੈ ਤਾਂ ਮੋਦੀ ਸਰਕਾਰ ਭਾਰਤ ਵਿੱਚ ਕਿਸਾਨਾਂ ਉੱਤੇ ਧੱਕੇ ਨਾਲ ਕਿਉਂ ਥੋਪ ਰਹੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਮੰਡੀਆਂ ਨਹੀਂ ਰਹਿੰਦੀਆਂ, ਉਥੇ ਕਿਸਾਨ ਮਜ਼ਦੂਰੀ ਕਰਦੇ ਹਨ।

# ਸ਼੍ਰੋਮਣੀ ਕਮੇਟੀ ਦਾ 981 ਕਰੋੜ 94 ਲੱਖ ਤੋਂ ਵੱਧ ਸਲਾਨਾ ਬੱਜਟ ਰੌਲੇ-ਰੱਪੇ ਵਿੱਚ ਪਾਸ

### * ਵਿਰੋਧੀ ਮੈਂਬਰਾਂ ਨੂੰ ਗੱਲ ਵੀ ਨਹੀਂ ਕਰਨ ਦਿੱਤੀ ਗਈ



ਅੰਮ੍ਰਿਤਸਰ, 28 ਸਤੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਅੱਜ ਹੋਏ ਆਮ ਇਜਲਾਸ ਵਿੱਚਸ਼੍ਰੋਮਣੀ ਕਮੇਟੀ ਦਾ ਸਾਲ 2020-21 ਲਈ 981 ਕਰੋੜ 94 ਲੱਖ 80 ਹਜ਼ਾਰ ਰੁਪਏ ਦਾ ਬੱਜਟ ਪਾਸ ਕਰ ਦਿੱਤਾ ਗਿਆ ਹੈ। ਕਮੇਟੀ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਬੱਜਟ ਨੂੰ ਓਥੇ ਹਾਜ਼ਰ ਬਾਦਲ ਧੜੇ ਦੇ ਬਹੁ-ਸੰਮਤੀ ਮੈਂਬਰਾਂ ਨੇ ਜੈਕਾਰੇ ਗਜਾ ਕੇ ਪ੍ਰਵਾਨ ਕਰ ਦਿੱਤਾ ਤੇ ਵਿਰੋਧ ਵਾਲੇ ਮੈਂਬਰਾਂ, ਜੋ ਕਾਲੀਆਂ ਪੱਟੀਆਂ ਬੰਨ੍ਹ ਕੇ ਆਏ ਸਨ, ਨੂੰ ਬੋਲਣ ਨਹੀਂ ਦਿੱਤਾ ਗਿਆ। ਇਸਬੱਜਟ ਵਿੱਚ ਜਨਰਲ ਬੋਰਡ ਫੰਡ ਲਈ 57 ਕਰੋੜ ਰੁਪਏ, ਟਰੱਸਟ ਲਈ 37 ਕਰੋੜ 61 ਲੱਖ, ਵਿਦਿਆ ਲਈ 28 ਕਰੋੜ 44 ਲੱਖ, ਧਰਮ ਪ੍ਰਚਾਰ ਲਈ 58 ਕਰੋੜ, ਪ੍ਰਿੰਟਿੰਗ ਪ੍ਰੈਸਾਂ ਲਈ 8 ਕਰੋੜ, ਵਿ-ਦਿਅਕ ਅਦਾਰਿਆਂ ਲਈ 215 ਕਰੋੜ, ਐਜੂਕੇਸ਼ਨ ਡਾਇਰੈਕਟੋਰੇਟ ਲਈ 87 ਲੱਖ ਤੋਂ ਵੱਧ ਅਤੇ ਸੈਕਸ਼ਨ-85 ਦੇ ਗੁਰਦੁਆਰਿਆਂ 577 ਕਰੋੜ ਰੁਪਏ ਰੱਖੇ ਗਏ ਹਨ, ਪਰ ਵਿਚਾਰ ਕੋਈ ਨਹੀਂ ਕੀਤੀ ਗਈ।ਬੱਜਟ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਮੌਜੂਦ ਸਨ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਦਾਬੱਜਟ ਇਜਲਾਸ ਹਰ ਸਾਲ ਮਾਰਚ ਵਿੱਚਹੁੰਦਾ ਹੈ, ਪਰ ਕੋਰੋਨਾ ਕਾਰਨ ਇਸ ਵਾਰ ਓਦੋਂਨਹੀਂ ਹੋ ਸਕਿਆ ਸੀ। ਕੋਰੋਨਾ ਦੇ ਕਾਰਨ ਹੀ ਸ਼੍ਰੋਮਣੀ ਕਮੇਟੀ ਦਾ ਬੱਜਟਇਸ ਵਾਰ ਪਿਛਲੇ ਬੱਜਟਤੋਂ 18.51 ਫੀਸਦੀ ਘੱਟ ਹੈ,ਇਸ ਸਮੇਂ ਦੌਰਾਨਅੰਤ੍ਰਿੰਗ ਕਮੇਟੀ ਨੇ ਦੋ ਵਾਰ ਤਿੰਨ-ਤਿੰਨ ਮਹੀਨਿਆਂ ਦੇ ਖਰਚ ਨੂੰ ਪ੍ਰਵਾਨਗੀ ਦਿੱਤੀ ਸੀ। ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਬੱਜਟ ਦੀ ਪ੍ਰਸੰਸਾ ਵਿੱਚ ਕਿਹਾ ਕਿ ਬੇਸ਼ੱਕ ਇਹ ਕੋਰੋਨਾ ਤੋਂ ਪ੍ਰਭਾਵਿਤ ਹੈ, ਫਿਰ ਵੀ ਇਹ ਬੱਜਟ ਸੰਗਤਾਂ ਦੀਆਂ ਭਾਵਨਾਵਾਂ ਮੁਤਾ-ਬਕ ਹੈ ਤੇ ਇਸ ਵਿੱਚ ਹਰ ਪੱਖਵੇਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇਨਵੀਂ ਪਹਿਲ ਕਰ ਕੇ ਤਖ਼ਤ ਦਮਦਮਾ ਸਾਹਿਬ ਵਿਖੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿੱਚ 200 ਸਿੱਖ ਲੜਕੀਆਂ ਨੂੰ ਮੁਫ਼ਤ ਵਿਦਿਆ ਦੇਣ ਦਾ ਪ੍ਰਬੰਧ ਕੀਤਾ ਹੈ ਅਤੇ 5 ਫੀਸਦੀ ਕੋਟਾ ਆਰਥਿਕ ਪੱਖੋਂ ਕਮਜ਼ੋਰ ਗੁਰਸਿੱਖ ਪਰਿਵਾਰਾਂ ਦੀਆਂ ਲੜਕੀਆਂ ਲਈ ਰੱਖਿਆ ਗਿਆ ਹੈ।

ਬੱਜਟ ਇਜਲਾਸ ਦੌਰਾਨ ਅੱਜ ਕੁਝ ਮੈਂਬਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ ਸਰੂਪਾਂ ਦੇ ਬਾਰੇ ਆਵਾਜ਼ ਉਠਾਈ ਤਾਂ ਇਸ ਨੂੰ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੇ ਅਣਗੌਲੇ ਕਰ ਦਿੱਤਾ। ਇਸ ਦੇ ਬਾਅਦ ਇਸ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚਸ਼ੋਰ ਸ਼ਰਾਬ ਕਰਨਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸ਼੍ਰੋਮਣੀ ਕਮੇਟੀ ਮੈਂਬਰ ਜਨਰਲ ਇਜਲਾਸ ਦੀ ਮਰਿਆਦਾ ਵੀ ਨਹੀਂ ਜਾਣਦੇ, ਉਹ ਸਿੱਖਾਂ ਨੂੰ ਕੀ ਸੇਧ ਦੇ ਸਕਦੇ ਹਨ। ਉਨ੍ਹਾ ਕਿਹਾ ਕਿ ਕੁਝ ਮੈਂਬਰਾਂ ਵੱਲੋਂ ਆਰੰਭਤਾ ਸਮੇਂ ਹੀ ਸ਼ੋਰ-ਸ਼ਰਾਬਾ ਸ਼ੁਰੂ ਕਰਨਾ ਕਿਸੇ ਤਰ੍ਹਾਂ ਜਾਇਜ਼ ਨਹੀਂ, ਜਨਰਲ ਹਾਊਸ ਦੀ ਮਰਿਆਦਾ ਹੈ ਕਿ ਜਿਹੜਾ ਬੋਲਣਾ ਚਾਹੁੰਦਾ ਹੈ, ਪ੍ਰਵਾਨਗੀ ਨਾਲ ਅਖੀਰ ਵਿੱਚ ਬੋਲ ਸਕਦਾ ਹੈ।

# ਭਾਰਤ ਦੇ ਨਵੇਂ ਖੇਤੀਬਾੜੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ

ਨਵੀਂ ਦਿੱਲੀ, 28 ਸਤੰਬਰ, (ਪੋਸਟ ਬਿਊਰੋ)- ਅੱਜ ਜਦੋਂ ਸਾਰੇ ਦੇਸ਼ ਦੇ ਕਿਸਾਨ ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ, ਇਸ ਦੌਰਾਨ ਕੇਰਲ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਥ੍ਰਿਸੂਰ ਟੀਐਨ ਪ੍ਰਤਾਪਨ ਨੇ ਇਨ੍ਹਾਂ ਦੇ ਖਿਲਾਫ ਸੁਪਰੀਮ ਕੋਰਟ ਨੂੰਅਰਜ਼ੀਦਾਇਰਕਰ ਦਿੱਤੀ ਹੈ। ਟੀਐਨ ਪ੍ਰਤਾਪਨ ਨੇ ਇਸ ਕਾਨੂੰਨ ਨੂੰ ਜਲਦਬਾਜ਼ੀ ਵਿੱਚ ਪਾਸ ਕੀਤੇ ਦੱਸ ਕੇ ਕਿਹਾ, 'ਨਿੱਜੀ ਕੰਪਨੀਆਂ ਕਿਸਾਨੀ ਨੂੰ ਲੁੱਟਣਗੀਆਂ। ਕਿਸਾਨ ਦੀ ਸ਼ਿਕਾਇਤ ਉੱਤੇ ਸੁਣਵਾਈ ਲਈ ਸਹੀ ਪ੍ਰਬੰਧ ਵੀ ਨਹੀਂ ਕੀਤੇ ਗਏ। ਵਪਾਰੀ ਅਨਾਜ ਦੇ ਭੰਡਾਰ ਕਰ ਕੇ ਵੱਧ ਕੀਮਤਾਂ ਉੱਤੇ ਵੇਚਣਗੇ।'

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀਬਾੜੀ ਬਿੱਲ ਰਾਜ ਸਭਾ ਵਿੱਚ ਵੋਟਾਂ ਦੀ ਗਿਣਤੀ ਕਰਾਏਤੋਂ ਬਗੈਰ ਭਾਰੀ ਹੰਗਾਮੇ ਦੌਰਾਨ ਪਾਸ ਕੀਤੇ ਗਏ ਸਨ। ਇਸ ਉੱਤੇ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰਾਂ ਨੇ ਜ਼ਬਰਦਸਤ ਹੰਗਾਮਾ ਕੀਤਾ ਤਾਂ ਇਨ੍ਹਾਂਅੱਠ ਮੈਂਬਰਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਇਸ ਪਿੱਛੋਂ ਪਾਰਲੀਮੈਂਟ ਮੈਂਬਰਾਂ ਨੇ ਰਾਜ ਸਭਾ ਦੇ ਉਪ ਚੇਅਰਮੈਨ ਉੱਤੇ ਪੱਖਪਾਤ ਕਰਨ ਦਾ ਦੋਸ਼ ਲਾ ਕੇ ਪਾਰਲੀਮੈਂਟ ਕੰਪਲੈਕਸ ਵਿੱਚ ਧਰਨਾ ਦਿੱਤਾ ਸੀ। ਫਿਰ ਐਤਵਾਰ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਦਸਖਤ ਹੋਣ ਨਾਲ ਇਨ੍ਹਾਂ ਤਿੰਨਾਂ ਬਿੱਲਾਂ ਨੂੰ ਕਾਨੂੰਨੀ ਮਾਨਤਾ ਮਿਲ ਗਈ ਸੀ।

ਅੱਜ ਇਨ੍ਹਾਂ ਬਿੱਲਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਰਾਜ ਸਰਕਾਰ ਇਨ੍ਹਾਂ ਬਿੱਲਾਂ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਕਾਨੂੰਨੀ ਪੈਰਵੀ ਕਰੇਗੀ ਤੇ ਇਨ੍ਹਾ ਕਿਸਾਨ ਮਾਰੂ ਬਿੱਲਾਂ ਨੂੰ ਰੋਕਣ ਦੇ ਲਈ ਹਰ ਸੰਭਵ ਯਤਨ ਕਰਦੀ ਰਹੇਗੀ। ਕਾਂਗਰਸ ਪਾਰਟੀ ਨੇ ਕਾਂਗਰਸੀ ਸਰਕਾਰਾਂ ਦੇ ਮੁੱਖ ਮੰਤਰੀਆਂ ਨੂੰ ਕਿਹਾ ਹੈ ਕਿ ਉਹ ਇਨ੍ਹਾਂ ਬਿੱਲਾਂ ਦੇ ਖਿਲਾਫ ਆਪੋ ਆਪਣੇ ਰਾਜ ਵਿੱਚ ਕਾਨੂੰਨੀ ਕਾਰਵਾਈ ਕਰਨ।

# ਸਿੱਖ ਵਿਰੋਧੀ ਦੰਗਿਆਂ ਦੇ ਗਵਾਹ ਅਤੇ ਵਿਵਾਦਤ ਡੀਲਰ ਅਭਿਸ਼ੇਕ ਨੂੰ ਸੁਰੱਖਿਆ ਦੇਣ ਦੇ ਆਦੇਸ਼

ਨਵੀਂ ਦਿੱਲੀ, 28 ਸਤੰਬਰ, (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਅੱਜ ਸੋਮਵਾਰ ਦਿੱਲੀ ਪੁਲਿਸ ਨੂੰ ਆਦੇਸ਼ ਦਿੱਤਾ ਕਿ ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਗਵਾਹ ਅਤੇ ਹਥਿਆਰਾਂ ਦੇ ਵਿਵਾਦਤ ਡੀਲਰ ਅਭਿਸ਼ੇਕ ਵਰਮਾ ਦੇ ਵਾਸਤੇ ਤਿੰਨ ਸੁਰੱਖਿਆ ਅਧਿਕਾਰੀਆਂ ਦੀ ਨਿਯੁਕਤੀ ਕਰੇ, ਜਿਹੜੇ ਉਸ ਨੂੰ 24 ਘੰਟੇ ਸੁਰੱਖਿਆ ਦੇਂਦੇ ਰਹਿਣ।

ਜਸਟਿਸ ਯੋਗੇਸ਼ ਖੰਨਾ ਨੇ ਕਿਹਾ ਕਿ 27 ਸਤੰਬਰ 2017 ਨੂੰ ਹਾਈ ਕੋਰਟ ਨੇ ਡਿਪਟੀ ਕਮਿਸ਼ਨਰ ਦਿੱਲੀ ਨੂੰ ਇਹ ਹੁਕਮ ਦਿੱਤੇ ਸਨ ਕਿ ਉਹ ਅਭਿਸ਼ੇਕ ਵਰਮਾ ਦੀ ਸੁਰੱਖਿਆ ਲਈ ਪੁਲਿਸ ਦੇ ਤਿੰਨ ਜਵਾਨ ਨਿਯੁਕਤ ਕਰੇ, ਜਿਹੜੇ ਇਸ ਤੋਂ ਅਗਲੇ ਆਦੇਸ਼ ਤਕ ਸੁਰੱਖਿਆ ਦੇਣ। ਕੋਰਟ ਨੇ ਸੀਬੀਆਈ ਤੇ ਦਿੱਲੀ ਪੁਲਿਸ ਨੂੰ ਅਭਿਸ਼ੇਕ ਵਰਮਾ ਦੀ ਪਟੀਸ਼ਨਦਾ ਜਵਾਬ ਦੇਣ ਲਈ ਕਿਹਾ ਹੈ। ਅਭਿਸ਼ੇਕ ਵਰਮਾ ਨੇ ਟਰਾਇਲ ਕੋਰਟ ਵਿੱਚ ਦਿੱਲੀ ਦੰਗਾ ਕੇਸ ਵਿੱਚ ਆਪਣੀ ਗਵਾਹੀ ਪੂਰੀ ਕਰ ਲਈ ਹੈ ਅਤੇ ਅਦਾਲਤ ਨੇ ਇਸ ਬਾਰੇ ਸੀਬੀਆਈ ਅਤੇ ਦਿੱਲੀ ਪੁਲਿਸ ਨੂੰ 26 ਨਵੰਬਰ ਤਕ ਜਵਾਬ ਦੇਣ ਲਈ ਕਿਹਾ ਹੋਇਆ ਹੈ। ਇਸ ਦੌਰਾਨ ਸੁਰੱਖਿਆ ਦੇ ਇਹ ਹੁਕਮ ਦਿੱਤੇ ਗਏ ਹਨ।

ਵਰਨਣ ਯੋਗ ਹੈ ਕਿ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸੀਬੀਆਈ ਨੇ ਤਿੰਨ ਵਾਰੀ ਕਲੀਨ ਚਿੱਟ ਦਿੱਤੀ ਸੀ ਤੇ ਉਸ ਨੇ ਪੋਲੀਗ੍ਰਾਫ ਟੈਸਟ ਕਰਾਉਣ ਤੋਂ ਇਨਕਾਰ ਕਰ ਦਿੱਤਾ ਸੀ, ਪ੍ਰੰਤੂ ਹਥਿਆਰਾਂ ਦੇ ਦਲਾਲ ਅਭਿਸ਼ੇਕ ਵਰਮਾ ਨੇ ਇਹ ਟੈਸਟ ਕਰਵਾਉਣ ਦੀ ਸ਼ਰਤ ਰੱਖੀ ਸੀ ਕਿ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ 24 ਘੰਟੇ ਸੁਰੱਖਿਆ ਦਿੱਤੀ ਜਾਵੇ। ਵਰਮਾ ਦੇ ਵਕੀਲ ਐਡਵੋਕੇਟ ਮਨਿੰਦਰ ਸਿੰਘ ਅਤੇ ਦਿਨਹਾਰ ਟਕਿਆਰ ਨੇ ਅਦਾਲਤ ਨੂੰ ਦੱਸਿਆ ਕਿ ਦਿੱਲੀ ਪੁਲਿਸ ਨੇ 8 ਅਗਸਤ ਨੂੰ ਬਿਨਾਂ ਨੋਟਿਸ ਦੇ ਉਨ੍ਹਾਂ ਦੀ ਸੁਰੱਖਿਆ ਹਟਾ ਲਈ ਹੈ। ਦਿੱਲੀ ਪੁਲਿਸ ਦੇ ਵਕੀਲ ਸੰਜੇ ਲਾਓ ਨੇ ਕਿਹਾ ਕਿ ਸੀਬੀਆਈ ਨੇ ਕਿਹਾ ਹੈ ਕਿ ਅਭਿਸ਼ੇਕ ਦਾ ਹੋਰ ਕੋਈ ਟੈਸਟ ਨਹੀਂ ਹੋਣਾ, ਇਸ ਲਈ ਉਸ ਦੀ ਸੁਰੱਖਿਆ ਹਟਾਈ ਗਈ। ਸੀਬੀਆਈ ਦੇ ਵਕੀਲ ਅਨਿਲ ਗਰੋਵਰ ਨੇ ਕਿਹਾ ਕਿ ਉਹ ਇਸ ਦਾ ਜਵਾਬ ਜਲਦੀ ਦੇਣਗੇ।

# ਡੋਨਾਲਡ ਟਰੰਪ ਉੱਤੇ ਪੂਰਾ ਇਨਕਮ ਟੈਕਸ ਨਾ ਭਰਨ ਦਾ ਦੋਸ਼ ਵੀ ਲੱਗ ਗਿਆ

### * 2016-17 ਵਿੱਚ ਸਿਰਫ 750 ਡਾਲਰ ਆਮਦਨ ਟੈਕਸ ਦਿੱਤੈ

ਵਾਸ਼ਿੰਗਟਨ, 28 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨ-ਾਲਡ ਟਰੰਪ, ਜਿਹੜੇ ਇਸ ਸਾਲ ਹੋ ਰਹੀ ਚੋਣ ਵਿੱਚ ਫਿਰ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਹਨ, ਉੱਤੇ ਰਾਸ਼ਟਰਪਤੀ ਹੁੰਦਿਆਂ ਆਪਣੇ ਪਹਿਲੇ ਸਾਲ ਦੇ ਦੌਰਾਨ ਆਮਦਨ ਟੈਕਸ ਵਜੋਂ ਸਿਰਫ 750 ਅਮਰੀਕੀ ਡਾਲਰ ਦੇਣ ਦਾ ਦੋਸ਼ ਲੱਗਾ ਹੈ।

ਨਿਊਯਾਰਕ ਟਾਈਮਜ਼ ਵਿਚ ਐਤਵਾਰ ਨੂੰ ਛਪੀ ਇਸ ਖਬਰ ਦੇ ਨਾਲ ਸਨਸਨੀ ਫੈਲ ਗਈ ਹੈ।ਪਤਾ ਲੱਗਾ ਹੈ ਕਿ ਅੱਜ ਦੇ ਸਮੇਂ ਵਿੱਚ ਡੋਨਾਲਡ ਟਰੰਪ ਹੀ ਇੱਕੋ-ਇੱਕ ਏਦਾਂ ਦੇ ਰਾਸ਼ਟਰਪਤੀ ਹਨ, ਜਿਹੜੇ ਆਪਣੇ ਆਮਦਨ ਦੇ ਟੈਕਸਾਂ ਨੂੰ ਬਹੁਤ ਗੁਪਤ ਰੱਖਦੇ ਹਨ ਤੇ ਕਦੀ ਵੀ ਜਨਤਕ ਨਹੀਂ ਕਰਦੇ। ਅਖਬਾਰ ਦੀ ਇਸ ਖਬਰ ਮੁਤਾਬਕ ਬੀਤੇ 15 ਸਾਲਾਂ ਵਿੱਚੋਂ 10 ਸਾਲ ਡੋਨਾਲਡ ਟਰੰਪ ਨੇ ਆਮਦਨ ਉੱਤੇ ਕੋਈ ਵੀ ਫੈਡਰਲ ਟੈਕਸ ਨਹੀਂਦਿੱਤਾ ਅਤੇ ਇਹ ਉਦੋਂ ਹੈ,ਜਦੋਂ ਉਨ੍ਹਾਂ ਨੇ ਰਾਸ਼ਟਰਪਤੀ ਅਹੁਦੇ ਲਈ ਆਪਣੀ ਚੋਣ ਮੁਹਿੰਮਦੌਰਾਨ ਖੁਦ ਨੂੰ ਰੀਅਲ ਅਸਟੇਟ ਦੇਅਰਬਪਤੀਸਫਲ ਕਾਰੋਬਾਰੀ ਵਜੋਂ ਪੇਸ਼ ਕੀਤਾ ਸੀ। ਇਸ ਖਬਰ ਨਾਲ ਸਨਸਨੀ ਫੈਲ ਗਈ ਹੈ।

ਦੂਸਰੇ ਪਾਸੇ ਵ੍ਹਾਈਟ ਹਾਊਸ ਵਿਚ ਪ੍ਰੈੱਸ ਕਾਨਫਰੰਸ ਵੇਲੇਡੋਨਾਲਡ ਟਰੰਪ ਨੇ ਅਖਬਾਰ ਦੀ ਇਸ ਖਬਰ ਨੂੰ 'ਫੇਕ ਨਿਊਜ਼' ਕਹਿ ਕੇ ਰੱਦ ਕੀਤਾਕਿ ਉਹ ਟੈਕਸ ਘੱਟ ਦੇਂਦੇ ਹਨ, ਪਰ ਉਨ੍ਹਾ ਨੇ ਟੈਕਸਾਂ ਦਾ ਕੋਈ ਵੇਰਵਾ ਨਹੀਂ ਦਿੱਤਾ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾ-ਬਕ ਉਸ ਦੀ ਟੀਮ ਨੇ ਦੋ ਦਹਾਕੇ ਤੋਂ ਵੱਧ ਦੇ ਆਮਦਨ ਟੈਕਸ ਰਿਟਰਨ ਦੇ ਅੰਕੜੇ ਹਾਸਲ ਕਰਨਪਿੱਛੋਂ ਇਹ ਜਾਣਕਾਰੀ ਕੱਢੀ ਹੈ। ਇਹ ਖੁਲਾਸਾ ਉਸ ਅਹਿਮ ਮੌਕੇ ਤੋਂ ਠੀਕ ਪਹਿਲਾਂ ਹੋਇਆ ਹੈ ਜਦੋਂ ਮੰਗਲਵਾਰ ਨੂੰ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਵਿੱਚ ਬਹਿਸ ਦਾ ਮੁਕਾਬਲਾ ਹੋਣਾ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਦੇ ਟੈਕਸਾਂ ਬਾਰੇ ਸੂਚਨਾ ਦਿੱਤੀ ਜਾਵੇਗੀ, ਪਰ ਇਸ ਖੁਲਾਸੇ ਲਈ ਉਨ੍ਹਾ ਨੇ ਸਮਾਂ ਨਹੀਂਸੀ ਦੱਸਿਆ। ਇਹੋ ਵਾਅਦੇ 2016 ਦੀ ਪ੍ਰਚਾਰ ਮੁਹਿੰਮ ਵੇਲੇ ਵੀ ਕੀਤੇ ਸਨ, ਪਰ ਪਿੱਛੋਂ ਉਨ੍ਹਾਂ ਨੇ ਕਦੇ ਕੋਈ ਜ਼ਿਕਰ ਨਹੀਂ ਕੀਤਾ।

ਡੋਨਾਲਡ ਟਰੰਪ ਨੇ ਆਪਣੇ ਆਮਦਨ ਰਿਟਰਨ ਦੀ ਜਾਣਕਾਰੀ ਮੰਗਣ ਵਾਲਿਆਂ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ, ਜਿਨ੍ਹਾਂ ਵਿੱਚ ਅਮਰੀਕੀ ਪਾਰਲੀਮੈਂਟ ਦਾ ਇੱਕ ਹਾਊਸ ਵੀ ਸ਼ਾਮਲ ਹੈ, ਜਿਹੜਾ ਪਾਰਲੀਮੈਂਟਰੀ ਨਿਗਰਾਨੀ ਵਜੋਂ ਟਰੰਪ ਦੇ ਆਮਦਨ ਟੈਕਸ ਰਿਟਰਨ ਦੀ ਜਾਣਕਾਰੀ ਚਾਹੁੰਦਾ ਸੀ। ਟਰੰਪ ਆਰਗੇਨਾਈਜੇਸ਼ਨ ਦੇ ਵਕੀਲ ਐਲਨ ਗਾਰਟਨ ਤੇ ਟਰੰਪ ਆਰਗੇਨਾਈਜੇਸ਼ਨ ਦੇ ਬੁਲਾਰੇ ਨੇ ਇਸ ਬਾਰੇ ਟਿੱਪਣੀ ਲਈਐਸੋਸੀਏਟਿਡ ਪ੍ਰੈੱਸ ਨੂੰ ਜਵਾਬ ਨਹੀਂ ਦਿੱਤਾ। ਗਾਰਟਨ ਨੇ ਕਿਹਾ, 'ਸਾਰੇ ਨਹੀਂ ਤਾਂ ਵੀ ਬਹੁਤੇ ਤੱਥ ਸਹੀ ਨਹੀਂਜਾਪਦੇ।; ਉਨ੍ਹਾਂ ਨੇ ਮੀਡੀਆ ਨੂੰ ਦਿੱਤੇ ਇਕ ਬਿਆਨ ਵਿਚ ਕਿਹਾ ਕਿ ਰਾਸ਼ਟਰਪਤੀ ਨੇ ਫੈਡਰਲ ਸਰਕਾਰ ਨੂੰ ਨਿੱਜੀ ਟੈਕਸਾਂ ਦੇ ਲੱਖਾਂ ਡਾਲਰ ਦਿੱਤੇ ਹਨ ਤੇ ਇਨ੍ਹਾਂ ਵਿਚ 2015 ਵਿਚ ਉਨ੍ਹਾਂ ਦੀ ਉਮੀਦਵਾਰੀ ਦਾ ਐਲਾਨ ਹੋਣ ਦੇ ਬਾਅਦ ਵੀ ਲੱਖਾਂ ਡਾਲਰ ਨਿੱਜੀ ਟੈਕਸਾਂ ਦੇ ਤੌਰ ਉੱਤੇਜਮ੍ਹਾ ਕਰਵਾਏ ਗਏ ਗਏ।'

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol
Broker

CELL: 416-993-7378

7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.

Tel:905-405-8484

www.paramjitdeol.com

Email: pdeol3@yahoo.ca

"Your neighborhood broker, Call Paramjit Deol Today"

**Mississauga $749,000**



**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**




**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# Ride Ontario's Heritage Railway

SPECIAL RIDES
FALL COLOURS TOURS

**Starts From Sep 27**
**Reservation only**




SOUTH SIMCOE RAILWAY
ONTARIO'S FIRST STEAM HERITAGE RAILWAY

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

*Ask about on-board Birthday Parties!*



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call:905.936.5815

VISA MasterCard Interac



jobs! jobs! jobs! jobs! jobs!

DUNDAS·JAFINE

# HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਮੋਗਾ ਵਿੱਚ 'ਅੰਬਾਨੀ-ਅਡਾਨੀ ਗੋ ਬੈਕ' ਦੇ ਨਾਅਰੇ ਲੱਗਣ ਲੱਗੇ

## * ਆਮ ਆਦਮੀ ਪਾਰਟੀ ਨੇ ਨਵਾਂ ਮੋਰਚਾ ਜਾ ਖੋਲ੍ਹਿਆ

ਮੋਗਾ, 28 ਸਤੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਖੇਤੀਬਾੜੀ ਬਿੱਲਾਂ ਦੇ ਬਾਅਦ ਕਾਰਪੋਰੇਟ ਖੇਤੀ ਵਾਸਤੇ ਤਿਆਰੀਆਂ ਕਰਦੇ ਸੁਣੇ ਗਏ ਭਾਜਪਾ ਦੇ ਨੇੜ ਵਾਲੇ ਉਦਯੋਗਪਤੀਆਂ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦੇ ਖਿਲਾਫ ਅੱਜ ਸਿੱਧਾ ਮੋਰਚਾ ਖੋਲ੍ਹ ਦਿੱਤਾ ਅਤੇ ਏਥੇ ਅਡਾਨੀ ਦੇ ਕੰਪਲੈਕਸ ਨੇੜੇ ਨਾਅਰੇਬਾਜ਼ੀ ਕੀਤੀ ਹੈ।

ਅੱਜ ਏਥੇ 'ਅੰਬਾਨੀ-ਅਡਾਨੀ ਗੋ ਬੈਕ' ਦੇ ਨਾਅਰੇ ਨਾਲ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਸੀਨੀਅਰ ਆਗੂ ਤੇ ਵਿਧਾਇਕ ਮੀਤ ਹੇਅਰ ਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਗੌਤਮ ਅਡਾਨੀ ਦੀ ਪ੍ਰਾਈਵੇਟ ਕੰਪਨੀ ਵੱਲੋਂ ਬਣਾਏ ਅਨਾਜ ਭੰਡਾਰ ਵਿਚ ਜਾ ਕੇ ਮੋਦੀ ਅਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਾਲਾ ਕਾਨੂੰਨ ਪਾਸ ਕਰਕੇ ਕਿਸਾਨਾਂ, ਖੇਤ-ਮਜ਼ਦੂਰਾਂ, ਮੁਨੀਮਾਂ, ਆੜ੍ਹਤੀਆਂ, ਪੱਲੇਦਾਰਾਂ, ਕਾਰੀਗਰਾਂ, ਇੰਡਸਟਰੀਆਂ, ਟਰਾਂਸਪੋਰਟਰਾਂ, ਛੋਟੇ ਦੁਕਾਨਦਾਰਾਂ ਤੇ ਕਾਰੋਬਾਰੀਆਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਇਸ ਮੌਕੇ ਮੀਤ ਹੇਅਰ ਨੇ ਕਿਹਾ ਕਿ ਇਹ ਤਿੰਨੇ ਕਾਲੇ ਕਾਨੂੰਨ ਸਿਰਫ਼ ਕੇਂਦਰ ਦੀ ਮੋਦੀ ਸਰਕਾਰ ਅਤੇ ਅਮਰਿੰਦਰ ਸਿੰਘ ਨੇ ਨਹੀਂ, ਇਨ੍ਹਾਂ ਸਰਕਾਰਾਂ ਦੇ ਪਿੱਛੇ ਅੰਬਾਨੀ-ਅਡਾਨੀ ਵਰਗੇਕਾਰਪੋਰੇਟ ਘਰਾਣਿਆਂ ਦੀ ਮਿਲੀਭੁਗਤ ਨਾਲ ਪਾਸ ਹੋਏ ਹਨ ਅਤੇ ਇਨ੍ਹਾਂ ਦੀ ਇੱਕੋ ਮਕਸਦ ਪੰਜਾਬ ਦੀ ਕਿਸਾਨੀ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਕੇ ਅਤੇ ਜ਼ਮੀਨਾਂ ਦੇ ਮਾਲਕਾਂ ਨੂੰ ਮਜ਼ਦੂਰ ਬਣ ਕੇ ਕਾਰਪੋਰੇਟ ਕੰਪਨੀਆਂ ਦੇ ਰਹਿਮ ਉੱਤੇਸੁੱਟ ਦੇਣਾ ਹੈ, ਜਿਸ ਨਾਲ ਪਹਿਲਾਂ ਹੀ ਕਰਜ਼ੇ ਹੇਠ ਦੱਬੇ ਤੇ ਖੁਦਕੁਸ਼ੀਆਂ ਕਰਦੇ ਕਿਸਾਨਾਂ ਦਾ ਆਰਥਿਕ ਸੰਕਟ ਹੋਰ ਗਹਿਰਾ ਹੋਵੇਗਾ। ਮੀਤ ਹੇਅਰ ਨੇ ਕਿਹਾ ਕਿ ਸੜਕਾਂ ਉੱਤੇ ਧਰਨੇ ਲਾ ਕੇ ਦੇਖ ਲਏ, ਰੇਲ ਪੱਟੜੀਆਂ ਉੱਤੇ ਬੈਠ ਕੇ ਦੇਖ ਲਿਆ, ਪਰ ਇਨ੍ਹਾਂ ਮੋਦੀ ਸਰਕਾਰ ਤੇ ਏਥੇ ਪੰਜਾਬ ਸਰਕਾਰ ਚਲਾ ਰਹੇ ਅਮਰਿੰਦਰ ਸਿੰਘ ਉੱਤੇ ਕੋਈ ਅਸਰ ਨਹੀਂ ਹੋ ਰਿਹਾ, ਇਸ ਲਈ ਅੱਗੇਤੋਂ ਕੇਂਦਰ ਤੇ ਸੂਬਾ ਸਰਕਾਰਾਂ ਦੇ ਪੈਸੇ ਛਾਪਣ ਵਾਲੀਆਂ ਮਸ਼ੀਨਾਂ ਅੰਬਾਨੀ-ਅਡਾਨੀ ਦੀਆਂ ਕੰਪਨੀਆਂ ਵਿਚ ਜਾ ਕੇ ਧਰਨਾ-ਪ੍ਰਦਰਸ਼ਨ ਕਰਾਂਗੇ।



# ਮਨੀ ਲਾਂਡਰਿੰਗ ਕੇਸ ਵਿੱਚ ਪਾਕਿਸਤਾਨ ਦੀ ਵਿਰੋਧੀ ਧਿਰ ਦਾ ਆਗੂ ਸ਼ਾਹਬਾਜ਼ ਗ੍ਰਿਫ਼ਤਾਰ

ਲਾਹੌਰ, 28 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੀ ਵਿਰੋਧੀ ਧਿਰ ਦੇ ਆਗੂ ਅਤੇ ਪਾਕਿਸਤਾਨ ਮੁਸਲਿਮ ਲੀਗ-ਐੱਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਨੂੰ ਸੱਤ ਅਰਬ ਰੁਪਏ ਦੇ ਮਨੀ ਲਾਂਡਰਿੰਗਕੇਸ ਵਿੱਚਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਗ੍ਰਿਫਤਾਰੀ ਲਾਹੌਰ ਹਾਈ ਕੋਰਟ ਤੋਂਅੱਜ ਉਸ ਦੀ ਜ਼ਮਾਨਤ ਅਰਜ਼ੀ ਰੱਦ ਹੋਣਪਿੱਛੋਂ ਹੋਈ ਹੈ।



ਇਹ ਸਮਝਿਆ ਜਾ ਰਿਹਾ ਹੈ ਕਿ ਪਾਕਿ-ਸਤਾਨ ਦੀ ਇਮਰਾਨ ਖਾਨ ਸਰਕਾਰ ਦੇ ਖ਼ਿਲਾਫ਼ ਵਿਰੋਧੀ ਧਿਰ ਦੇ ਇਕੱਠੇ ਹੋਣਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਸ਼ਾਹਬਾਜ਼ ਸ਼ਰੀਫ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਛੋਟੇ ਭਰਾ ਹਨ ਅਤੇ ਉਹ ਸਾਲ 2008 ਤੋਂ 2018 ਤਕ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ।

ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਏਜੰਸੀ ਕੌਮੀ ਜਵਾਬਦੇਹੀ ਬਿਊਰੋ (ਐੱਨ ਏਬੀ) ਨੇ 69 ਸਾਲਾ ਸ਼ਾਹਬਾਜ਼ ਨੂੰ ਕੋਰਟ ਕੰਪਲੈਕਸ ਤੋਂਗ੍ਰਿਫਤਾਰ ਕੀਤਾ ਹੈ। ਉਸ ਦੇ ਦੇਸ਼ ਦੀ ਖ਼ਿਲਾਫ਼ ਸਰਕਾਰ ਨੇ ਬੀਤੇ ਹਫ਼ਤੇ ਮਨੀ ਲਾਂਡਰਿੰਗ ਦਾ ਕੇਸ ਦਾਇਰ ਕਰਾਇਆ ਸੀ। ਪ੍ਰਧਾਨ ਮੰਤਰੀ ਦੇ ਸਲਾਹਕਾਰ ਸ਼ਹਿਜ਼ਾਦ ਅਕਬਰ ਨੇ ਬੀਤੇ ਬੁੱਧਵਾਰ ਕਿਹਾ ਸੀ ਕਿ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਐੱਨ) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਅਤੇ ਉਨ੍ਹਾਂ ਦੇ ਪੁੱਤਰ ਹਮਜ਼ਾ ਅਤੇ ਸਲਮਾਨ ਮਨੀ ਲਾਂਡਰਿੰਗ ਵਿੱਚ ਸ਼ਾਮਲ ਨਿਕਲੇ ਹਨ, ਸ਼ਾਹਬਾਜ਼ ਤੇ ਉਨ੍ਹਾਂ ਦੇ ਪੁੱਤਰਾਂ ਦੇ ਬੈਂਕ ਖਾਤਿਆਂ ਵਿਚੋਂ 177 ਸ਼ੱਕੀ ਲੈਣ-ਦੇਣ ਦੀ ਜਾਣਕਾਰੀ ਮਿਲਣ ਉੱਤੇ ਐੱਨ ਏਬੀ ਨੇ ਜਾਂਚ ਸ਼ੁਰੂ ਕੀਤੀ ਸੀ।

ਅੱਜ ਸ਼ਾਹਬਾਜ਼ ਸ਼ਰੀਫ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਮੀਡੀਆ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਉਨ੍ਹਾਂ ਨੂੰ ਸੀਖਾਂ ਪਿੱਛੇ ਡੱਕਣਾ ਚਾਹੁੰਦੇ ਹਨ। ਦੂਸਰੇ ਪਾਸੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਵੀ ਸ਼ਾਹਬਾਜ਼ ਸ਼ਰੀਫ ਦੀ ਗ੍ਰਿਫ਼ਤਾਰੀ ਦੀ ਆਲੋਚਨਾ ਕੀਤੀ ਤੇ ਕਿਹਾਕਿ ਇਮਰਾਨ ਖ਼ਾਨ ਵਿਰੋਧੀ ਪਾਰਟੀਆਂ ਦੇ ਗੱਠਜੋੜ ਤੋਂ ਘਬਰਾ ਗਿਆ ਹੈ, ਪਰ ਉਸ ਨੂੰ ਹਟਾਉਣ ਲਈ ਇਹ ਗੱਠਜੋੜ ਦੇਸ਼ ਵਿਆਪੀ ਅੰਦੋਲਨ ਜ਼ਰੂਰ ਸ਼ੁਰੂ ਕਰੇਗਾ।

# ਪਾਕਿਸਤਾਨੀ ਮੰਤਰੀ ਨੇ ਨਵਾਜ਼ ਸ਼ਰੀਫ ਨੂੰ ਭਾਰਤ ਦਾ ਏਜੰਟ ਕਿਹਾ

ਇਸਲਾਮਾਬਾਦ, 28 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਨਿੰਦਾ ਕਰਨ ਮਗਰੋਂਇਮਰਾਨ ਖਾਨ ਦੀ ਪਾਰਟੀ ਨੇਨਵਾਜ਼ ਸ਼ਰੀਫ ਨੂੰ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਲੈ ਕੇ ਘੇਰਨਾ ਸ਼ੁਰੂ ਕਰ ਦਿੱਤਾ ਹੈ।

ਇਮਰਾਨ ਖਾਨ ਦੀ ਸਰਕਾਰ ਦੇ ਬੜਬੋਲੇ ਰੇਲ ਮੰਤਰੀ ਸ਼ੇਖ ਰਸ਼ੀਦ ਨੇ ਅੱਜ ਏਥੇ ਕਿਹਾ ਕਿ ਨਵਾਜ਼ ਸ਼ਰੀਫ ਭਾਰਤ ਦੇ ਏਜੰਟ ਹਨ ਤੇ ਨਰਿੰਦਰ ਮੋਦੀ ਨੂੰ ਦੇਸ਼ ਦੇ ਬਾਹਰ ਜਾ ਕੇ ਫੋਨ ਕਰਦੇ ਹਨ।ਸ਼ੇਖ ਰਸ਼ੀਦ ਨੇ ਨਵਾਜ਼ ਸ਼ਰੀਫ ਉੱਤੇ ਇਹ ਦੋਸ਼ ਓਦੋਂ ਲਾਇਆ ਹੈ, ਜਦ ਪਾਕਿਸਤਾਨੀ ਫੌਜ ਦੇ ਮੁਖੀ ਨਾਲ ਵਿਰੋਧੀ ਪਾਰਟੀਆਂ ਦੀ ਬੈਠਕ ਦਾ ਮੁੱਦਾ ਭਖਦਾ ਜਾ ਰਿਹਾ ਹੈ। ਸ਼ੇਖ ਰਸ਼ੀਦ ਨੇ ਕਿਹਾ ਕਿ ਨਵਾਜ਼ ਸ਼ਰੀਫ ਦੇ ਆਪਣੀ ਫੌਜ ਦੇ ਵਿਰੋਧ ਕੀਤੇ ਭਾਸ਼ਣ ਨੂੰ ਭਾਰਤੀ ਮੀਡੀਆ ਨੇ ਜ਼ੋਰਦਾਰ ਕਵਰੇਜ ਦਿੱਤੀ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵੀ ਕਿਹਾ ਹੈ ਕਿ ਨਵਾਜ਼ ਸ਼ਰੀਫ ਨੇ ਆਪਣੇ ਦੇਸ਼ ਦੀ ਫੌਜ ਦੀ ਨਿੰਦਾ ਕਰਕੇ ਭਾਰਤ ਦਾ ਪੱਖ ਲਿਆ ਹੈ।ਰਸ਼ੀਦ ਨੇ ਇਮਰਾਨ ਤੋਂ ਅੱਗੇ ਵਧ ਕੇ ਨਵਾਜ਼ ਭਾਰਤ ਦਾ ਏਜੰਟ ਕਹਿ ਦਿੱਤਾ। ਉਸ ਨੇ ਕਿਹਾ ਕਿ ਨਵਾਜ਼ ਸ਼ਰੀਫ ਨੇ ਦੇਸ਼ ਨੂੰ ਵੰਡਣ ਦਾ ਯਤਨ ਕੀਤਾ ਹੈ ਅਤੇ ਉਹ ਦੇਸ਼ ਦੇ ਬਾਹਰ ਜਾ ਕੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਦਾ ਹੈ। ਰਸ਼ੀਦ ਨੇ ਕਿਹਾ ਕਿ ਨਵਾਜ਼ ਸ਼ਰੀਫ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਸ ਨੇ ਓਸਾਮਾ ਬਿਨ ਲਾਦੇਨ ਨਾਲ ਕਿੰਨੀਆਂ ਮੁਲਾਕਾਤਾਂ ਕੀਤੀਆਂ ਤੇ ਉਨਾਂ ਨੂੰ ਕਤਰ ਤੋਂ ਕਿੰਨਾ ਪੈਸਾ ਮਿਲਿਆ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪਿਤਾ ਨੇ ਵਿਆਹੀ ਹੋਈ ਧੀ ਗਲਾ ਘੁੱਟ ਕੇ ਮਾਰੀ

ਗੋਨਿਆਣਾ, 28 ਸਤੰਬਰ (ਪੋਸਟ ਬਿਊਰੋ)-ਕੱਲ੍ਹ ਬਾਅਦ ਦੁਪਹਿਰ ਥਾਣਾ ਨੇਹੀਆਂ ਵਾਲਾ ਦੇ ਪਿੰਡ ਗੋਨਿਆਣਾ ਖ਼ੁਰਦ ਵਿਖੇ ਇੱਕ ਬਜ਼ੁਰਗ ਨੇ ਆਪਣੀ ਹੀ ਲੜਕੀ ਨੂੰ ਗਲਾ ਘੁੱਟ ਕੇ ਜਾਨੋਂ ਮਾਰ ਦਿੱਤਾ।

ਪੁਲਸ ਨੂੰ ਦਿੱਤੇ ਬਿਆਨ ਵਿੱਚ ਮਨਜੀਤ ਕੌਰ ਨੇ ਕਿਹਾ ਹੈ ਕਿ ਤਕਰੀਬਨ ਨੌਂ ਕੁ ਸਾਲ ਪਹਿਲਾਂ ਉਸ ਦੀ ਲੜਕੀ ਮਨਪ੍ਰੀਤ ਕੌਰ (32) ਦਾ ਵਿਆਹ ਜੋਗਿੰਦਰ ਸਿੰਘ ਵਾਸੀ ਕੋਟਭਾਈ ਨਾਲ ਹੋਇਆ ਸੀ। ਉਸ ਦੇ ਇੱਕ ਲੜਕਾ ਅਤੇ ਇੱਕ ਲੜਕੀ ਹੈ। ਮਨਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ (ਬੇਅੰਤ ਸਿੰਘ) ਆਪਣੀ ਧੀ ਮਨਪ੍ਰੀਤ 'ਤੇ ਸ਼ੱਕ ਕਰਦਾ ਸੀ ਅਤੇ ਜੋਗਿੰਦਰ ਸਿੰਘ ਵੀ ਆਪਣੀ ਪਤਨੀ ਮਨਪ੍ਰੀਤ ਨੂੰ ਕੁਝ ਦਿਨ ਪਹਿਲਾਂ ਆਪਣੇ ਸਹੁਰੇ ਘਰ ਛੱਡ ਗਿਆ ਸੀ। ਬੇਅੰਤ ਸਿੰਘ ਨੇ ਕੱਲ੍ਹ ਦੁਪਹਿਰ ਲੜਕੀ ਦੇ ਚਾਲ-ਚੱਲਣ 'ਤੇ ਸ਼ੱਕ ਕਰਦਿਆਂ ਉਸਦਾ ਗਲਾ ਘੁੱਟ ਕੇ ਜਾਨੋਂ ਮਾਰ ਦਿੱਤਾ। ਇਸ ਪਿੱਛੋਂ ਮ੍ਰਿਤਕ ਲੜਕੀ ਦਾ ਪਿਤਾ ਬੇਅੰਤ ਸਿੰਘ ਫਰਾਰ ਹੋ ਗਿਆ। ਸੂਚਨਾ ਮਿਲਣ 'ਤੇ ਥਾਣਾ ਨੇਹੀਆਂ ਵਾਲਾ ਦੀ ਪੁਲਸ ਓਥੇ ਗਈ ਤਾਂ ਪੁਲਸ ਨੇ ਮ੍ਰਿਤਕਾ ਦੀ ਮਾਂ ਮਨਜੀਤ ਕੌਰ ਦੇ ਬਿਆਨਾਂ ਆਧਾਰ 'ਤੇ ਬੇਅੰਤ ਸਿੰਘ ਖ਼ਿਲਾਫ਼ ਧਾਰਾ 302 ਤਹਿਤ ਕੇਸ ਦਰਜ ਕਰ ਲਿਆ ਅਤੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਨਲਾਈਨ ਕਵੀ ਦਰਬਾਰ



ਨਵੀਂ ਦਿੱਲੀ 28 ਸਤੰਬਰ (ਗਿਆਨ ਸਿੰਘ) ਭਾਰਤ ਸਰਕਾਰ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਰਜਕ੍ਰਮ , ਜੋ ਪੂਰੇ ਹਿੰ-ਦੋਸਤਾਨ ਵਿੱਚ ਕਵੀ ਦਰਬਾਰ ਕਰਵਾਏ ਜਾਣੇ ਸਨ, ਉਹ ਕੋਰੋਨਾ ਮਹਾਂਮਾਰੀ ਦੇ ਕਾਰਣ ਆਨਲਾਈਨ ਕਵੀ ਦਰਬਾਰ ਦੇ ਰੂਪ ਵਿੱਚ ਸ਼ੁਰੂ ਕੀਤੇ ਗਏ ਹਨ। ਇਸ ਲੜੀ ਵਿੱਚ ਸੰਸਕ੍ਰਿਤੀ ਮੰਤਰਾਲੇ ਭਾਰਤ ਸਰਕਾਰ ਦੁਆਰਾ 26ਵੇਂ /27ਵੇਂ ਆਨਲਾਈਨ ਕਵੀ ਦਰਬਾਰ ਕਰਵਾਏ ਗਏ। ਇਨ੍ਹਾਂ ਚ ਦੇਸ਼ ਵਿਦੇਸ਼ ਤੋਂ ਕਵੀਆਂ ਨੇ ਭਾਗ ਲਿਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਕਵੀ ਦਰਬਾਰ ਬਹੁਭਾਸ਼ਾਈ ਹਨ। ਜਿਸ 'ਚ ਪੰਜਾਬੀ, ਹਿੰਦੀ, ਉਰਦੂ ਅਤੇ ਹੋਰਾਂ ਭਾਸ਼ਾਵਾਂ ਦੇ ਕਵੀ ਸ਼ਾਮਿਲ ਹੋ ਰਹੇ ਹਨ।

ਇਹ ਜਾਣਕਾਰੀ ਦਿੰਦੇ ਹੋਏ ਕਵੀ ਦਰਬਾਰਾਂ ਦੀ ਲੜੀ ਦੇ ਪ੍ਰਮੁੱਖ ਅਤੇ ਭਾਰਤ ਸਰਕਾਰ ਦੁਆਰਾ ਬਣਾਈ ਗਈ 550ਵਾਂ ਪ੍ਰਕਾਸ਼ ਪੁਰਬ ਕਮੇਟੀ ਦੇ ਸੰਚਾਲਨ ਕਮੇਟੀ ਦੇ ਮੈਂਬਰ ਹਰਭਜਨ ਸਿੰਘ ਦਿਓਲ ਨੇ ਦੱਸਿਆ ਕਿ ਇਹ ਸਾਰੇ ਪ੍ਰੋਗਰਾਮ ਭਾਰਤ ਸਰਕਾਰ ਵੱਲੋਂ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ ਵੱਲੋਂ ਚਲਾਏ ਜਾ ਰਹੇ ਹਨ। ਆਨਲਾਈਨ ਕਵੀ ਦਰਬਾਰਾਂ ਵਿੱਚ ਚੇਅਰਮੈਨ ਆਚਾਰੀਆ ਦੇਵੇਂਦਰ ਦੇਵ, ਪ੍ਰਵੀਨ ਆਰੀਆ ਅਤੇ ਕਵੀਆਂ ਵਿੱਚ ਰਵੇਲ ਪੁਸ਼ਪ, ਬਲਬੀਰ ਸਿੰਘ ਕੰਵਲ, ਨਰੇਸ਼ ਮਲਿਕ, ਬੀਬੀ ਬਲਜੀਤ ਕੌਰ ਵਾਲੀਆ, ਬੀਬੀ ਕਲਿਆਣੀ ਸ਼ਰਮਾ, ਪ੍ਰਵੀਨ ਆਰੀਆ, ਆਸ਼ਾ ਸ਼ਰਮਾ, ਉਰਮਿਲਾ ਉਰਮੀ, ਹਰਵਿੰਦਰ ਪਾਲ ਕੌਰ, ਪ੍ਰਸ਼ਾਂਤ ਅਗਰਵਾਲ, ਗੁਰਸਿਮਰ ਸਿੰਘ ਨੇ ਭਾਗ ਲਿਆ। ਇਹਨਾਂ ਬਹੁਭਾਸ਼ਾਈ ਕਵੀ ਦਰਬਾਰ ਦੇ ਮਾਧਿਅਮ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ ਨੂੰ ਦੇਸ਼-ਵਿਦੇਸ਼ ਦੇ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਗਿਆ । ਅੱਜ ਪੂਰੇ ਵਿਸ਼ਵ ਵਿੱਚ ਵਿਗੜੇ ਹੋਏ ਹਾਲਾਤ ਅਤੇ ਅਸ਼ਾਂਤੀ ਨੂੰ ਦੇਖਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ ਤੇ ਅਮਲ ਕਰਕੇ ਦੁਨੀਆਂ ਵਿੱਚ ਸ਼ਾਂਤੀ ਆ ਸਕਦੀ ਹੈ। ਨਫ਼ਰਤ ਅਤੇ ਵੈਰ-ਵਿਰੋਧ ਦੀ ਅੱਗ ਨੂੰ ਬੁਝਾਇਆ ਜਾ ਸਕਦਾ ਹੈ। ਇਹਨਾਂ ਪ੍ਰੋਗਰਾਮਾਂ ਨੂੰ ਸਫਲ ਬਨਾਉਣ ਦੇ ਵਿੱਚ ਡਾ ਸੱਚਿਦਾਨੰਦ ਜੋਸ਼ੀ, ਮੈਂਬਰ ਸੈਕੇਟਰੀ, ਆਈ ਜੀ ਐਨ ਸੀ ਏ, ਡਾ ਅਚਲ ਪੰਡਯਾ, ਚੀਫ ਕੋਆਰਡੀਨੇਟਰ ਦਾ ਸਹਿਯੋਗ ਮਿਲ ਰਿਹਾ ਹੈ। ਇਹ ਸਾਰੇ ਕਵੀ ਦਰਬਾਰਾਂ ਦਾ ਸੰਚਾਲਨ ਹਰਭਜਨ ਸਿੰਘ ਦਿਓਲ, ਮੈਂਬਰ ਸੰਚਾਲਨ ਕਮੇਟੀ, ਭਾਰਤ ਸਰਕਾਰ ਅਤੇ ਪ੍ਰਮੁੱਖ ਕਵੀ ਦਰਬਾਰ ਲੜੀ ਬਾਖ਼ੂਬੀ ਅੰਜਾਮ ਦੇ ਰਹੇ ਹਨ।

ਫਾਰਮ ਵਿਚ ਕਾਮਿਆਂ ਦੀ ਲੋੜ
ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।
ਸੰਪਰਕ: 647 765 4145

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell: 416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal
Residential | Commercial | Investment
(416) 970-5005
Office: 905-488-2100 Ext. 348
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Century 21 President Realty Inc.

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਚੀਨੀ ਅੜਿੱਕੇ ਉੱਤੇ ਪਾਰਲੀਮੈਂਟ ਵਿੱਚ ਬਹਿਸ ਹੋਣੀ ਚਾਹੀਦੀ ਸੀ

-ਮੁਨੀਸ਼ ਤਿਵਾੜੀ

ਇਹ ਮੰਦਭਾਗਾ ਹੈ ਕਿ ਪਾਰਲੀਮੈਂਟ 'ਚ ਸਭ ਤੋਂ ਨਾਜ਼ੁਕ ਕੌਮੀ ਸੁਰੱਖਿਆ ਚੁਣੌਤੀ, ਜੋ ਭਾਰਤ 1962 ਦੇ ਬਾਅਦ ਪਹਿਲੀ ਵਾਰ ਝੱਲ ਰਿਹਾ ਹੈ, ਉੱਤੇ ਕੋਈ ਬਹਿਸ ਨਹੀਂ ਹੋਈ। ਇਸ ਸਮੇਂ ਪੂਰਬੀ ਲੱਦਾਖ ਤੇ ਉੱਤਰੀ ਸਿੱਕਮ 'ਚ ਭਾਰਤ ਚੀਨ ਦਾ ਕਬਜ਼ਾ ਝੱਲ ਰਿਹਾ ਹੈ। ਇਹ ਸਪੱਸ਼ਟ ਹੈ ਕਿ ਸਰਕਾਰ ਸਖਤ ਸਵਾਲਾਂ ਦੇ ਜਵਾਬ ਦੇਣ 'ਚ ਆਨਾਕਾਨੀ ਕਰਨ ਦੀ ਕੋਸ਼ਿਸ਼ ਕਰਦੀ ਹੈ, ਪਰ ਦੋਵਾਂ ਸਦਨਾਂ 'ਚ ਸਾਂਝੀ ਵਿਰੋਧੀ ਧਿਰ ਨੂੰ ਅਜਿਹੇ ਮੁੱਦਿਆਂ ਨੂੰ ਅੱਗੇ ਵਧਾਉਣ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਰੱਖਿਆ ਮੰਤਰੀ ਤੋਂ ਇੱਕ ਅਣਉਚਿਤ ਬਿਆਨ ਦੇ ਨਾਲ ਸੰਤੁਸ਼ਟ ਨਹੀਂ ਹੋਣਾ ਚਾਹੀਦਾ ਸੀ।

ਮੈਂ ਰੱਖਿਆ ਮੰਤਰੀ ਨੂੰ 16 ਸਤੰਬਰ ਨੂੰ ਲਿਖ ਕੇ ਬੇਨਤੀ ਕੀਤੀ ਸੀ ਕਿ ਭਾਰਤ ਨੂੰ ਸਰਹੱਦ 'ਤੇ ਅਜਿਹੀ ਸਥਿਤੀ ਦਾ ਨੋਟਿਸ ਲੈਣਾ ਚਾਹੀਦਾ ਹੈ। ਇਸ ਨਾਲ ਨਾ ਸਿਰਫ ਸਾਡੇ ਲੋਕਤੰਤਰ ਦੀ ਸ਼ਕਤੀ ਦਾ ਪ੍ਰਦਰਸ਼ਨ ਹੁੰਦਾ ਸਗੋਂ ਪਾਰਲੀਮੈਂਟ ਵੱਲੋਂ ਚੀਨ ਨੂੰ ਇੱਕ ਸਖਤ ਸੰਦੇਸ਼ ਵੀ ਜਾਂਦਾ। ਮੈਂ ਉਨ੍ਹਾਂ ਨੂੰ 1962 ਦੀ ਭਾਰਤ-ਚੀਨ ਜੰਗ ਬਾਰੇ ਯਾਦ ਕਰਵਾਇਆ, ਜਦੋਂ ਲੋਕ ਸਭਾ ਦੇ 165 ਮੈਂਬਰਾਂ ਨੇ ਇੱਕ ਵਿਚਾਰ-ਵਟਾਂਦਰੇ 'ਚ ਹਿੱਸਾ ਲਿਆ, ਜੋ ਉਦੋਂ ਭਾਰਤ-ਚੀਨ ਜੰਗ ਨਾਲ ਸੰਬੰਧਤ ਸੀ। ਇਹ ਵਿਚਾਰ-ਵਟਾਂਦਰਾ ਲੋਕ ਸਭਾ ਅਤੇ ਰਾਜ ਸਭਾ ਦੋਵਾਂ 'ਚ ਕੀਤਾ ਗਿਆ, ਜਿਸ 'ਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਅਟਲ ਬਿਹਾਰੀ ਵਾਜਪਾਈ ਨੇ ਵੀ ਹਿੱਸਾ ਲਿਆ ਸੀ।

20 ਅਕਤੂਬਰ 1962 ਨੂੰ ਚੀਨ ਨੇ ਭਾਰਤ ਉਤੇ ਹਮਲਾ ਕਰ ਦਿੱਤਾ। ਭਾਰਤੀ ਜਨਸੰਘ ਦੇ ਚਾਰ ਮੈਂਬਰਾਂ 'ਚੋਂ ਇੱਕ ਪਾਰਲੀਮੈਂਟ ਮੈਂਬਰ ਵਾਜਪਾਈ ਨੇ ਰਾਜ ਸਭਾ ਵਿੱਚ ਬੇਨਤੀ ਕੀਤੀ, ਜਿਸ ਉੱਤੇ ਪੰਡਿਤ ਨਹਿਰੂ ਨੇ ਬਿਨਾਂ ਕਿਸੇ ਝਿਜਕ ਦੇ ਪਾਰਲੀਮੈਂਟ ਨੂੰ ਅੱਠ ਨਵੰਬਰ 1962 ਨੂੰ ਸੱਦਣ ਦਾ ਫੈਸਲਾ ਕੀਤਾ। ਇੱਕ ਦਿਨ ਬਾਅਦ ਫਲੋਰ 'ਤੇ ਵਾਜਪਾਈ ਨੇ ਸਖਤ ਸ਼ਬਦਾਂ 'ਚ ਨਹਿਰੂ ਪ੍ਰਸ਼ਾਸਨ ਦੀ ਆਲੋਚਨਾ ਕੀਤੀ। ਉਸ ਦੌਰਾਨ ਚੀਨੀਆਂ ਨੇ ਗ੍ਰੀਨ ਪਿੰਪਲ ਅਤੇ ਯੈਲੋ ਪਿੰਪਲ ਨੂੰ ਜ਼ਬਤ ਕੀਤਾ ਹੋਇਆ ਸੀ। ਕੁਝ ਸਖਤ ਸਵਾਲਾਂ ਦਾ ਜਵਾਬ ਦੇਣ ਲਈ ਵਾਜਪਾਈ ਨੇ ਮੰਗ ਕੀਤੀ, ਜਿਨ੍ਹਾਂ ਵਿੱਚ ਉਨ੍ਹਾਂ ਨੇ ਕਿਹਾ ਕਿ ਸਾਡੀ ਫੌਜ ਨੇਫਾ 'ਚ ਆਪਣੀ ਪੂਰੀ ਤਾਕਤ ਦਾ ਪ੍ਰਦਰਸ਼ਨ ਕਿਉਂ ਨਹੀਂ ਕਰਦੀ ਅਤੇ ਜੰਗ ਲਈ ਤਿਆਰ ਕਿਉਂ ਨਹੀਂ? ਉਨ੍ਹਾਂ ਨੇ ਸਿਵਲ ਅਤੇ ਫੌਜੀ ਪ੍ਰਸ਼ਾਸਨ ਵਿੱਚ ਸ਼੍ਰੇਸ਼ਠਤਾ ਦੀ ਪਛਾਣ ਕਰਨ 'ਤੇ ਜ਼ੋਰ ਦਿੱਤਾ, ਜਿਨ੍ਹਾਂ ਨੂੰ ਹਨੇਰੇ ਵਿੱਚ ਰੱਖਿਆ ਗਿਆ ਸੀ। ਉਨ੍ਹਾਂ ਨੇ ਇਹ ਪੁੱਛਿਆ ਕਿ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਕਿਉਂ ਨਾ ਕੀਤੀ ਗਈ। ਵਾਜਪਾਈ ਨੇ ਸਪੱਸ਼ਟ ਤੌਰ 'ਤੇ ਸਮਝ ਲਿਆ ਕਿ ਲੋਕਤੰਤਰ 'ਚ ਸਾਨੂੰ ਸੱਚ ਦੱਸਣਾ ਚਾਹੀਦਾ ਹੈ। ਸੰਗੀਨ ਮੁੱਦਿਆਂ ਨੂੰ ਸਾਨੂੰ ਉਜਾਗਰ ਕਰਨਾ ਚਾਹੀਦਾ ਹੈ। ਉਸ 'ਤੇ ਘੱਟਾ ਨਹੀਂ ਪਾਉਣਾ ਚਾਹੀਦਾ। ਇਸੇ ਕਾਰਨ 37 ਸਾਲਾਂ ਬਾਅਦ ਜਦੋਂ ਅਪ੍ਰੈਲ-ਮਈ 1999 ਵਿੱਚ ਕਾਰਗਿਲ 'ਚ ਘੁਸਪੈਠ ਹੋਈ, ਉਦੋਂ ਵਾਜਪਾਈ ਨੇ ਦੇਸ਼ ਨੂੰ ਦੱਸਿਆ ਕਿ ਸਾਨੂੰ ਪਾਕਿਸਤਾਨ ਨੇ ਠੱਗਿਆ ਅਤੇ ਦਰਾਸ, ਕਾਰਗਿਲ ਅਤੇ ਹੋਰ ਉੱਚੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਹੈ। ਇਸ ਦੇ ਇਲਾਵਾ ਉਸ ਨੇ ਸ੍ਰੀਨਗਰ ਨਾਲ ਲੇਹ ਨੂੰ ਜੋੜਨ ਵਾਲੇ ਨੈਸ਼ਨਲ ਹਾਈਵੇ 1-ਏ 'ਤੇ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਦਸੰਬਰ 1971 ਦੀ ਬੰਗਲਾ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਜੰਗ ਦੇ ਦੌਰਾਨ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਰਲੀਮੈਂਟ ਨੂੰ ਚਕਮਾ ਨਹੀਂ ਸੀ ਦਿੱਤਾ।

ਮਾੜੀ ਕਿਸਮਤ ਕਿ ਵਾਜਪਾਈ ਦੀ ਵਿਰਾਸਤ ਸੰਭਾਲਣ ਵਾਲੇ ਲੋਕਾਂ 'ਚ ਚੀਨੀ ਅੜਿੱਕੇ 'ਤੇ ਕਾਰਵਾਈ ਕਰਨ 'ਚ ਨੈਤਿਕ ਦਲੇਰੀ ਦੀ ਘਾਟ ਹੈ। ਸਰਕਾਰ ਬਹੁਤ ਕੁਝ ਲੁਕਾਉਣ ਦੀ ਕੋਸ਼ਿਸ਼ ਕਰਦੀ ਹੈ। ਵੱਡੇ ਸਵਾਲਾਂ ਨੂੰ ਸਰਕਾਰ ਨੂੰ ਅੱਖੋਂ-ਪਰੋਖੇ ਕਰਦੀ ਹੈ। ਉਨ੍ਹਾਂ ਨਾਲ ਨਜਿੱਠਣਾ ਨਹੀਂ ਚਾਹੁੰਦੀ। ਇਸ ਸਰਕਾਰ ਦਾ ਇਹੀ ਪਾਗਲਪਣ ਹੈ ਕਿ ਮੇਰੇ ਸਾਰੇ ਸਵਾਲ ਪਾਰਲੀਮੈਂਟ ਦੇ ਇਸ ਸੈਸ਼ਨ 'ਚ ਪੁੱਛੇ ਜਾਣ ਦੇ ਬਿਨਾਂ ਹੀ ਅਧੂਰੇ ਰਹਿ ਗਏ। ਇਹ ਸਵਾਲ ਪ੍ਰਧਾਨ ਮੰਤਰੀ, ਰੱਖਿਆ ਮੰਤਰੀ, ਗ੍ਰਹਿ ਤੇ ਵਿਦੇਸ਼ ਮੰਤਰੀ ਨੂੰ ਸਨ। ਮੇਰੇ ਸਵਾਲ ਚੀਨੀ ਅੜਿੱਕੇ ਦੇ ਬਾਰੇ ਸਨ। ਇਨ੍ਹਾਂ ਨੂੰ ਇਸ ਆਧਾਰ 'ਤੇ ਪੁੱਛਣ ਦੀ ਇਜਾਜ਼ਤ ਨਹੀਂ ਮਿਲੀ ਕਿ ਇਹ ਬੇਹੱਦ ਨਾਜ਼ੁਕ ਹਨ। ਇਹ 230 ਸਵਾਲਾਂ ਦੀ ਸੂਚੀ 'ਚ ਰੱਖੇ ਗਏ ਸਨ, ਜਿਨ੍ਹਾਂ ਦੇ ਜਵਾਬ ਕਿਸੇ ਵੀ ਦਿਨ ਦਿੱਤੇ ਜਾ ਸਕਦੇ ਹਨ। ਅਸਪੱਸ਼ਟਤਾ ਦਾ ਪੱਧਰ ਸਿਰਫ ਗਲਤਫਹਿਮੀਆਂ ਨੂੰ ਵਧਾਉਂਦਾ ਹੈ। ਸਰਕਾਰ ਪੂਰੇ ਦੇਸ਼ ਕੋਲੋਂ ਸੱਚਾਈ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪਹਿਲੀ ਸੰਸਾਰ ਜੰਗ ਅਤੇ ਦੂਜੀ ਸੰਸਾਰ ਜੰਗ ਦੇ ਦੌਰਾਨ ਵਿਸ਼ਵ ਭਰ ਦੀਆਂ ਲੋਕਤੰਤਰਿਕ ਪਾਰਲੀਮੈਂਟਾਂ ਲਗਾਤਾਰ ਹੀ ਅਜਿਹੇ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਸੱਦੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਨੇ ਜੰਗ ਦੀ ਦਿਸ਼ਾ ਅਤੇ ਵਤੀਰੇ 'ਤੇ ਗੱਲ ਕਰਨੀ ਸੀ। ਉਨ੍ਹਾਂ ਨੇ ਜੰਗ ਦੇ ਦੌਰਾਨ ਹਾਊਸ ਆਫ ਕਾਮਨਜ਼ ਦੇ ਫਲੋਰ 'ਤੇ ਵਿੰਸਟਨ ਚਰਚਿਲ ਨੇ ਕਈ ਮਸ਼ਹੂਰ ਭਾਸ਼ਣ ਦਿੱਤੇ। ਮੌਜੂਦਾ ਘਟਨਾਕ੍ਰਮ ਜੋ ਭਾਰਤ ਦੇਖ ਰਿਹਾ ਹੈ, ਉਹ ਉਸੇ ਬਣਾਇਆ ਹੋਇਆ ਹੈ। ਭਾਰਤ ਚੀਨੀ ਇਰਾਦਿਆਂ ਨੂੰ ਸਮਝਣ 'ਚ ਅਸਫਲ ਰਿਹਾ। ਜਦੋਂ ਭਾਰਤ ਚੀਨ ਦੇ ਨਾਲ ਦੋਸਤਾਨਾ ਵਤੀਰੇ ਦੀ ਖੇਡ ਖੇਡਣ 'ਚ ਰੁੱਝਿਆ ਸੀ ਉਦੋਂ ਚੀਨੀ ਝੜਪ ਦੇ ਲਈ ਤਿਆਰੀਆਂ ਕਰ ਰਹੇ ਸਨ। ਚੀਨ ਨੇ ਭਾਰਤ ਨੂੰ ਧੋਖੇ 'ਚ ਰੱਖਿਆ ਤੇ ਉਸ ਨੂੰ ਆਤਮ-ਸੰਤੁਸ਼ਟ ਬਣਾਈ ਰੱਖਿਆ। ਮੌਜੂਦਾ ਝੜਪ ਦਰਸਾਉਂਦੀ ਹੈ ਕਿ 2018 ਵਿੱਚ ਵੁਹਾਨ ਅਤੇ 2019 ਦੇ ਮਹਾਬਲੀਪੁਰਮ ਸੰਮੇਲਨ ਧੂੰਏਂ ਦਾ ਪਰਦਾ ਬਣ ਕੇ ਰਹਿ ਗਏ। ਐੱਲ ਏ ਸੀ 'ਤੇ ਚੀਨੀ ਸਰਗਰਮੀਆਂ ਨੂੰ ਜਾਂਚਣ 'ਚ ਕਮੀ ਦਿਸੀ। ਸਾਰੇ ਪਾਸੇ ਖੁਫੀਆ ਰਣਨੀਤੀ ਅਤੇ ਕੂਟਨੀਤਕ ਅਸਫਲਤਾ ਲਿਖੀ ਗਈ।

ਚੀਨੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਰਤ ਦੀ ਸੱਤਾਧਾਰੀ ਪਾਰਟੀ ਆਪਣੇ ਬਹੁਤ ਵੱਡੇ ਰਾਸ਼ਟਰਵਾਦੀ ਅਕਸ ਨੂੰ ਬਣਾਉਣ ਵਿੱਚ ਲੱਗੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧਿਕਾਰਤ ਬਿਆਨ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਸਾਡੀਆਂ ਸਰਹੱਦਾਂ ਵਿੱਚ ਕੋਈ ਨਹੀਂ ਵੜਿਆ, ਨੇ ਚੀਨੀਆਂ ਦਾ ਹੋਰ ਉਤਸ਼ਾਹ ਵਧਾ ਦਿੱਤਾ। ਉਹ ਭਾਰਤ 'ਤੇ ਐੱਲ ਏ ਸੀ ਦੀ ਉਲੰਘਣਾ ਦਾ ਦੋਸ਼ ਮੜ੍ਹ ਰਿਹਾ ਹੈ।

ਮੈਨੂੰ ਨਹੀਂ ਜਾਪਦਾ ਕਿ ਮੌਜੂਦਾ ਸੰਕਟ ਜਲਦੀ ਹੱਲ ਹੋਣ ਵਾਲਾ ਹੈ। ਮਈ ਤੋਂ ਗੱਲਬਾਤ ਚੱਲ ਰਹੀ ਹੈ ਤਾਂ ਕਿ ਜਿਉਂ ਦੀ ਤਿਉਂ ਸਥਿਤੀ ਬਣਾ ਕੇ ਰੱਖੀ ਜਾ ਸਕੇ। ਗੱਲਬਾਤ ਅਸਫਲ ਹੋਈ ਹੈ ਕਿਉਂਕਿ ਦੋਵਾਂ ਧਿਰਾਂ ਦੇ ਲਈ ਜਿਉਂ ਦੀ ਤਿਉਂ ਸਥਿਤੀ ਨੂੰ ਸਮਝਣ ਦਾ ਭਾਵ ਅਲੱਗ-ਅਲੱਗ ਹੈ। ਭਾਰਤ ਅਪਰੈਲ 2020 ਦੀ ਜਿਉਂ ਦੀ ਤਿਉਂ ਸਥਿਤੀ ਚਾਹੁੰਦਾ ਹੈ ਪਰ 2019 ਤੋਂ ਪਹਿਲਾਂ ਦੀ ਸਥਿਤੀ ਨੂੰ ਪਹਿਲ ਦਿੰਦਾ ਹੈ। ਭਾਰਤ ਅਤੇ ਚੀਨ ਦੋਵੇਂ ਜੰਗ ਵਿੱਚ ਉਲਝਣਾ ਨਹੀਂ ਚਾਹੁੰਦੇ। ਉਹ ਨਹੀਂ ਚਾਹੁੰਦੇ ਕਿ ਇਹ ਅੜਿੱਕਾ ਦੋਵਾਂ ਨੂੰ ਜੰਗ ਦੇ ਕੰਢੇ 'ਤੇ ਲੈ ਜਾਵੇ। ਜੇ ਅਜਿਹਾ ਹੋਇਆ ਤਾਂ ਸਾਡੀ ਅਰਥਵਿਵਸਥਾ ਹੋਰ ਵੀ ਕਮਜ਼ੋਰ ਪੈ ਜਾਵੇਗੀ। ਕੀ ਕੋਈ ਆਤਮ ਸਨਮਾਨ ਵਾਲਾ ਦੇਸ਼ ਇਸ ਕੌਮੀ ਨਿਰਾਦਰ ਨੂੰ ਸਹਿਣ ਕਰੇਗਾ? ਸਰਕਾਰ ਬਾਲੀਵੁੱਡ ਨਾਲ ਸੰਬੰਧਤ ਖਬਰਾਂ 'ਤੇ ਰੌਲਾ ਪਾ ਰਹੀ ਹੈ, ਜੋ ਬੀਤੇ ਕੱਲ੍ਹ ਤੱਕ ਇੱਕ ਖਬਰ ਸੀ।

# ਅੱਜ ਵੀ ਚੇਤੇ ਨੇ ਉਹ ਭੱਠੀ ਵਾਲੇ ਦਾਣੇ...

-ਜਗਜੀਤ ਸਿੰਘ ਝੱਤਰਾ-



ਸਾਡੇ ਪਿੰਡ ਦੇ ਵਿਚਾਲੇ ਬਾਬੇ ਬੁਰਜ ਦੀ ਜਗ੍ਹਾ ਹੈ। ਉਸ ਜਗ੍ਹਾ ਦਾ ਵਿਹੜਾ ਕਾਫੀ ਵੱਡਾ ਹੈ। ਖਾਲੀ ਥਾਂ ਵਿਹੜੇ ਵਿੱਚ ਦਾਣੇ ਭੁੰਨਣ ਵਾਲੀ ਭੱਠੀ ਲੱਗੀ ਹੁੰਦੀ ਸੀ। ਤਰਕਾਲਾਂ ਪੈਂਦਿਆਂ ਸਾਰ ਬੇਬੇ ਭੱਠੀ ਬਾਲ ਲੈਂਦੀ ਸੀ। ਮਨੁੱਖ ਲਈ ਭੱਠੀ ਵਾਲੇ ਦਾਣੇ ਇੱਕ ਸੌਗਾਤ ਸਨ, ਜਿਨ੍ਹਾਂ ਦਾ ਸਵਾਦ ਮੇਰੀਆਂ ਯਾਦਾਂ ਵਿੱਚ ਵਸਿਆ ਪਿਆ ਹੈ। ਅੱਜ ਵੀ ਮੈਂ ਉਨ੍ਹਾਂ ਸਮਿਆਂ ਨੂੰ ਸੋਚ ਕੇ ਭਾਵੁਕ ਹੋ ਉਠਦਾ ਹਾਂ। ਅਜੇ ਕੱਲ੍ਹ ਦੀ ਗੱਲ ਮੈਨੂੰ ਲੱਗਦੀ ਹੈ, ਜਦੋਂ ਬਾਬੇ ਬੁਰਜ ਦੇ ਵਿਹੜੇ ਦੀ ਭੱਠੀ ਉੱਤੇ ਰੌਣਕਾਂ ਲੱਗਦੀਆਂ ਸਨ। ਮੇਰੀ ਬੇਬੇ ਨੇ ਮੈਨੂੰ ਮੱਕੀ ਦੇ ਦਾਣੇ ਦੇਣੇ ਤੇ ਕਹਿ ਦੇਣਾ 'ਜਾ ਜਗਜੀਤ ਦਾਣੇ ਭੁਨਾ ਲਿਆ'। ਭੱਠੀ ਸਾਡੇ ਘਰੋਂ ਥੋੜ੍ਹੀ ਦੂਰ ਹੀ ਸੀ। ਪਿੱਛੋਂ ਮੇਰੀ ਬੇਬੇ ਨੇ ਆਵਾਜ਼ ਦੇ ਦੇਣੀ, 'ਬੇਬੇ ਰਾਜੋ, ਆਹ ਮੁੰਡੇ ਨੂੰ ਚੰਗੇ ਫੁੱਲ ਬਣਾ ਦੇਵੀਂ' ਅਤੇ ਭੁੰਨਣ ਵਾਲੀ ਨੇ ਕਹਿ ਦੇਣਾ, 'ਕੋਈ ਗੱਲ ਨਹੀਂ ਇਸ ਦੀ ਚੁੰਗ ਮੈਂ ਰੱਖ ਲਈ ਹੈ ਅਤੇ ਹੁਣੇ ਕੜਾਹੀ ਵਿੱਚ ਪਾ ਦਿੰਦੀ ਹਾਂ।' ਵਾਰੀ ਵਾਰੀ ਸਾਰਿਆਂ ਦੇ ਦਾਣੇ ਭੁੱਜੀ ਜਾਣੇ।

ਅਸਲ ਵਿੱਚ ਭੱਠੀ ਸਾਡੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਸੀ। ਸਾਡੇ ਪਿੰਡ ਵਿੱਚ ਚੜ੍ਹਦੇ ਪਾਸੇ ਬੋਕੇ ਵਾਲਾ ਖੂਹ ਹੁੰਦਾ ਸੀ। ਸਾਰਾ ਪਿੰਡ ਏਸੇ ਖੂਹ ਤੋਂ ਭਰਦਾ ਸੀ। ਇਸ ਖੂਹ ਉੱਤੇ ਦੋ ਹਲਟ ਚਲਦੇ ਸਨ। ਇਸ ਦੀਆਂ ਡਵੱਖਲੀਆਂ ਦੋਵੇਂ ਹੀ ਲੱਕੜ ਦੀਆਂ ਬਣੀਆਂ ਸਨ। ਉਨ੍ਹਾਂ ਸਮਿਆਂ ਵਿੱਚ ਇਸ ਖੂਹ ਤੇ ਪਾਣੀ ਭਰਨ ਲਈ ਔਰਤਾਂ ਦੀਆਂ ਰੌਣਕਾਂ ਲੱਗਦੀਆਂ ਹੁੰਦੀਆਂ ਸਨ ਅਤੇ ਇਸ ਖੂਹ ਨੂੰ ਮਿਲਣ ਗਿਲਣ ਤੇ ਗੱਲਬਾਤ ਕਰਨ ਦਾ ਵਧੀਆ ਸਥਾਨ ਮੰਨਿਆ ਜਾਂਦਾ ਸੀ। ਇਸੇ ਤਰ੍ਹਾਂ ਬੇਬੇ ਰਾਜੋ ਦੀ ਦਾਣੇ ਭੁੰਨਣ ਵਾਲੀ ਭੱਠੀ ਉਤੇ ਕੁੜੀਆਂ ਲਈ ਗੱਲਾਂ ਮਾਰਨ ਵਾਲਾ ਅੱਡਾ ਹੁੰਦਾ ਸੀ। ਉਹਨੀਂ ਦਿਨੀਂ ਅਸੀਂ ਗੰਨੇ ਚੂਪਦੇ, ਮੱਝਾਂ ਚਾਰਨੀਆਂ, ਭੱਠੀ ਉਤੇ ਦਾਣੇ ਭਨਾਉਣੇ ਅਤੇ ਬਾਬੇ ਜਗੀਰ ਸਿੰਘ ਕੋਲ ਸਭ ਕੁਝ ਲੈ ਕੇ ਚਲੇ ਜਾਣਾ, ਜੋ ਸਮੇਂ ਦੀ ਲੋੜ ਵੀ ਹੁੰਦੀ ਸੀ। ਕਈ ਵਾਰ ਅਸੀਂ ਬਾਬੇ ਤੋਂ ਦਾਣੇ ਭੁਨਾ ਕੇ ਪਸ਼ੂ ਚਾਰਨ ਗਏ, ਨਾਲ ਹੀ ਲੈ ਜਾਂਦੇ ਸਾਂ, ਬਾਹਰ ਪਸ਼ੂਆਂ ਮਗਰ ਤੁਰੇ ਫਿਰਦੇ ਹੀ ਦਾਣੇ ਖਾਈ ਜਾਂਦੇ ਸਾਂ।

ਬੇਬੇ ਦੀ ਭੱਠੀ ਦਾ ਅੱਧਾ ਹਿੱਸਾ ਉਸ ਜ਼ਮੀਨ ਦੇ ਅੰਦਰ ਤੇ ਭੱਠੀ ਦਾ ਮੂੰਹ ਜ਼ਮੀਨ ਤੋਂ ਮਾਮੂਲੀ ਜਿਹਾ ਬਾਹਰ ਹੁੰਦਾ ਸੀ। ਉਸ ਦਾ ਮੂੰਹ ਕੜਾਹੀ ਦੇ ਆਕਾਰ ਤੋਂ ਕੁਝ ਛੋਟਾ ਹੁੰਦਾ ਸੀ। ਇਸ 'ਤੇ ਕੜਾਹੀ ਟਿਕਾਈ ਜਾਂਦੀ ਸੀ। ਆਥਣ ਵੇਲੇ ਬੇਬੇ ਭੱਠੀ ਤਪਾ ਲੈਂਦੀ। ਸ਼ਾਮ ਤੱਕ ਭੱਠੀ ਦੁਆਲੇ ਕਾਫੀ ਰੌਣਕ ਲੱਗ ਜਾਂਦੀ। ਲੋਕ ਉਸ ਕੋਲੋਂ ਛੋਲਿਆਂ ਦੇ ਦਾਣੇ, ਮੱਕੀ ਦੇ ਦਾਣੇ, ਕਣਕ ਦੇ ਮੁਰਮੁਰੇ ਆਦਿ ਭੁਨਾਉਂਦੇ ਸਨ। ਬੇਬੇ ਰਾਜੋ ਕੋਲ ਬਹਿਣ ਨੂੰ ਬੋਰੀਆਂ ਵਿਛਾਈਆਂ ਹੁੰਦੀਆਂ ਸਨ। ਦਾਣੇ ਭੁੰਨਦੀ ਚੁੰਗ ਲੈਣਾ ਕਦੇ ਨਾ ਭੁੱਲਦੀ। ਚੁੰਗ ਲੈਣਾ ਹਮੇਸ਼ਾ ਚੇਤੇ ਰੱਖਦੀ ਸੀ। ਛੋਲਿਆਂ ਦੇ ਦਾਣੇ ਨੂੰ ਭੁੰਨਣ ਮਗਰੋਂ ਉਹ ਕੜਾਹੀ ਵਿੱਚ ਇੱਕ ਕੁੱਜਾ ਫੇਰਦੀ ਤੇ ਛਿਲਕੇ ਕਾਫੀ ਹੱਦ ਤੱਕ ਉਤਰ ਜਾਂਦੇ ਸਨ। ਕਈ ਦਾਣੇ ਦੋਫਾੜ ਹੋ ਜਾਂਦੇ ਸਨ। ਸਰਦੀ ਵਿੱਚ ਭੱਠੀ 'ਤੇ ਰੌਣਕ ਵੱਧ ਲੱਗਦੀ ਸੀ, ਕਿਉਂਕਿ ਕਈ ਗੱਭਰੂ ਰਾਤ ਤੱਕ ਅੱਗ ਸੇਕਦੇ ਅਤੇ ਆਪਣੀ ਖੇਤੀਬਾੜੀ ਦੀਆਂ ਯੋਜਨਾਵਾਂ ਬਣਾਉਂਦੇ ਸਨ। ਬੇਬੇ ਨੂੰ ਦਾਣੇ ਭੁੰਨਣ ਦਾ ਮਿਹਨਤਾਨਾ ਦਾਣਿਆਂ ਦੇ ਰੂਪ ਵਿੱਚ ਦਿੱਤਾ ਜਾਂਦਾ ਸੀ। ਪੁਰਾਤਨ ਸਮੇਂ ਮਿਹਨਤ ਪੈਸਿਆਂ ਦੇ ਰੂਪ ਵਿੱਚ ਨਹੀਂ ਸੀ ਦਿੱਤੀ ਜਾਂਦੀ। ਬੇਬੇ ਰਾਜੋ ਦਾਣੇ ਭੁੰਨਦੀ ਮੁਟਿਆਰਾਂ ਨੂੰ ਚੰਗੀ ਸਿੱਖਿਆ ਦੇਂਦੀ ਸੀ।

ਬੇਬੇ ਰਾਜੋ ਮੈਨੂੰ ਅੱਜ ਵੀ ਯਾਦ ਹੈ, ਦਾਣੇ ਪੂਰੀ ਗਰਮ ਰੇਤਾ ਕਰ ਕੇ ਪਾਉਂਦੀ ਸੀ। ਗਰਮ ਰੇਤ ਵਿੱਚ ਭੁੰਨੇ ਦਾਣੇ ਬਹੁਤ ਸੁਆਦ ਬਣਦੇ ਸਨ। ਦਾਣੇ ਭੱਠੀ ਪਾਏ ਨੂੰ ਪਰਾਗਾ ਕਹਿੰਦੇ ਸਨ। ਏਨੇ ਵਧੀਆ ਦਾਣੇ ਬਣਦੇ ਕਿ ਸਾਰੇ ਪਿੰਡ ਦੇ ਲੋਕ ਬੜੇ ਚਾਅ ਨਾਲ ਖਾਂਦੇ ਸੀ। ਕਈ ਵਾਰ ਬਜ਼ੁਰਗ ਲੋਕ ਦਾਣੇ ਭੁੰਨਾ ਕੇ ਸਾਫ਼ੇ ਵਿੱਚ ਬੰਨ੍ਹ ਕੇ ਪਿੱਛੇ ਮੋਢੇ ਤੋਂ ਹੇਠਾਂ ਵੱਲ ਸੁੱਟ ਲੈਂਦੇ ਤੇ ਰਵਾਂ-ਰਵੀਂ ਘਰ ਵੱਲ ਚੱਲ ਪੈਂਦੇ ਸਨ ਤੇ ਕਈ ਲੰਮੇ ਸਫਰ ਲਈ ਨਾਲ ਬੰਨ੍ਹ ਕੇ ਲੈ ਜਾਂਦੇ ਸੀ। ਮੈਨੂੰ ਅਜੇ ਤੱਕ ਵੀ ਭੱਠੀ ਦੇ ਦਾਣਿਆਂ ਦੀ ਯਾਦ ਆਉਂਦੀ ਹੈ, ਪਰ ਅੱਜ ਇਹ ਦਾਣੇ ਬੀਤੇ ਸਮੇਂ ਦੀਆਂ ਯਾਦਾਂ ਬਣ ਕੇ ਰਹਿ ਗਏ ਹਨ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਭਲੀ ਸੁਹਾਵੀ ਛਾਪਰੀ

-ਸੁਖਦੇਵ ਸਿੰਘ ਮਾਨ

ਜਦੋਂ ਵੀ ਸੰਤ ਸਿੰਘ ਸੇਖੋਂ ਦੀ ਜੀਵਨੀ 'ਉਮਰਾਂ ਦੇ ਪੰਧ' ਦੇ ਪੰਨੇ ਪਲਟਦਾ, ਇੱਕ ਪੰਨੇ 'ਤੇ ਨਜ਼ਰ ਅਟਕ ਜਾਂਦੀ ਜਿਸ 'ਤੇ ਸੇਖੋਂ ਆਪਣੇ ਬਾਪੂ ਦੇ ਚਲਾਣੇ ਨੂੰ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਮੰਨਦਾ। ਜੀਵਨੀ ਵਿੱਚ ਖੁੱਭਿਆ ਮੈਂ ਵੀ ਬਾਪੂ ਦੇ ਤੁਰ ਜਾਣ ਮਗਰੋਂ ਵਕਤ ਦੀਆਂ ਪਈਆਂ ਮਾਰਾਂ ਨਾਲ ਹੱਥੋ ਪਾਈ ਹੁੰਦਾ ਇਉਂ ਮਹਿਸੂਸ ਕਰਦਾ ਕਿ ਇਸ ਵਾਰ ਜਦੋਂ ਮੂਧੇ ਮੂੰਹ ਡਿੱਗਾਂਗਾ ਤਾਂ ਸ਼ਾਇਦ ਮੁੜ ਕੇ ਖੜ੍ਹਾ ਨਾ ਹੋ ਸਕਾਂ, ਪਰ ਪਤਾ ਨਹੀਂ ਕਿਸ ਕੋਨੇ 'ਚੋਂ ਸਮੇਂ ਦੀ ਕੋਈ ਤਾਕਤ ਜਾਂ ਕੋਈ ਨੇਕ ਬੰਦਾ ਮੇਰੀ ਬਾਂਹ ਆ ਫੜਦਾ। ਮੈਂ ਮੁੜ ਤੂਫਾਨਾਂ ਮੂਹਰੇ ਡਟ ਜਾਂਦਾ।

ਕਿਲ੍ਹੇ ਵਾਲੇ ਸ਼ਹਿਰ ਦੀ ਕਚਹਿਰੀ ਵਿੱਚ ਖਿੱਲਰੀ ਜ਼ਮੀਨ ਦੇ ਟੁਕੜੇ ਇਕੱਠੇ ਕਰਦਾ ਮਾਰਿਆ ਮਾਰਿਆ ਫਿਰਦਾ ਸਾਂ। ਕਚਹਿਰੀ ਦੇ ਪਲ ਪਲ ਬਦਲਦੇ ਤੇਵਰਾਂ ਨੂੰ ਸਮਝਣ ਤੋਂ ਅਸਮਰੱਥ ਸਾਂ। ਜਦੋਂ ਵੀ ਤਰੀਕ 'ਤੇ ਜਾਂਦਾ, ਵਕੀਲ ਦਾ ਮੁਣਸ਼ੀ ਮੈਨੂੰ ਦੂਰੋਂ ਖੜ੍ਹਾ ਦਿਸਦਾ। ਉਸ ਨੂੰ ਦੇਖ ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਦਾ। ਆਈ ਤਰੀਕ 'ਤੇ ਮੁਣਸ਼ੀ ਮੇਰੇ ਮੋਢੇ 'ਤੇ ਹੱਥ ਮਾਰ ਕਹਿੰਦਾ, "ਦੇਵ ਸਿਆਂ, ਚਿੰਤਾ ਨਾ ਕਰ। ਏਥੋ ਦੀਆਂ ਤਾਂ ਕੰਧਾਂ ਵੀ ਪੈਸੇ ਮੰਗਦੀਆਂ। ਆਹ ਕਾਗਜ਼ ਤਾਂ ਸੌ ਰੁਪਈਏ ਦੀ ਮਾਰ ਆ। ਮਾਰ ਹੰਭਲਾ।" ਸ਼ਾਮ ਤੱਕ ਵਕੀਲਾਂ ਦੇ ਖੋਖਿਆਂ ਵਿਚਲੀ ਹੰਭਲੇ ਮਾਰਦਾ ਮੈਂ ਭੁੱਖ ਪਿਆਸ ਨਾਲ ਰੋਣਹਾਕਾ ਹੋ ਜਾਂਦਾ।

ਇੱਕ ਤਰੀਕ 'ਤੇ ਗਿਆ ਤਾਂ ਮੁਣਸ਼ੀ ਦਾ ਚਿਹਰਾ ਝਮਿਆ ਹੋਇਆ ਸੀ। ਕਹਿੰਦਾ, "ਮੁਰੱਬਾਬੰਦੀ ਵੇਲੇ ਦਾ ਬਸਤਾ ਮਾਲਖਾਨੇ 'ਚੋਂ ਕਢਵਾਉਣਾ ਪਊ। ਤੇਰੇ ਕਈ ਕਿੱਲਿਆਂ ਦੇ ਨੰਬਰ ਕਿਸੇ ਚਾਰ ਸਾਲੇ 'ਚ ਚੜ੍ਹਨੋਂ ਰਹਿ ਗਏ। ਇਹ ਵੀ ਚਾਰ ਕੁ ਸੌ ਦੀ ਮਾਰ ਆ। ਮਾਰ ਹੰਭਲਾ।" ਇੱਕ ਵਾਰੀ ਤਾਂ ਮੁਣਸ਼ੀ ਦਾ ਫਰਮਾਨ ਸੁਣ ਧਰਤੀ ਘੁੰਮਣ ਲੱਗ ਪਈ। ਮਾਲਖਾਨੇ ਦਾ ਪੁਰਾਣਾ ਰਿਕਾਰਡ ਹੰਘਾਲਣਾ ਖਾਲਾ ਜੀ ਦਾ ਵਾੜਾ ਨਹੀਂ ਸੀ। ਬਾਕੀ ਮੁਣਸ਼ੀ ਨੇ ਇਹ ਵੀ ਦੱਸ ਦਿੱਤਾ ਸੀ ਕਿ ਹੰਭਲਾ ਸੰਭਲ ਕੇ ਮਾਰਾਂ। ਮਾਲਖਾਨੇ ਦੀ ਜਰਜਰ ਇਮਾਰਤ 'ਚ ਸੱਪ ਤੇ ਠੂੰਹੇਂ ਵੀ ਬਹੁਤ ਸੀ। ਅਰਧ ਚਾਨਣੀ ਤੇ ਸਿੱਲ੍ਹ ਭਰੀ ਇਮਾਰਤ 'ਚ ਪੁਰਾਣਾ ਰਿਕਾਰਡ ਸਾਂਭਿਆ ਪਿਆ ਸੀ। ਇੱਕ ਵਾਰੀ ਜੀਅ 'ਚ ਆਇਆ ਕਿ ਹੱਥ ਫੜੀ ਪਰਚੀ ਸੁੱਟ ਘਰ ਨੂੰ ਭੱਜ ਜਾਵਾਂ। ਟੁੱਟੇ ਦਿਲ ਨਾਲ ਮਾਲਖਾਨਾ ਇੰਚਾਰਜ ਦੀ ਮੁੱਠੀ ਗਰਮ ਕੀਤੀ। ਉਸ ਨੇ ਵੀ ਸੱਪਾਂ ਤੋਂ ਬਚਣ ਦੀ ਤੰਬੀਹ ਕੀਤੀ। ਜਿੱਥੇ ਹੋਰ ਡੰਗ ਵੱਜੀ ਜਾਂਦੇ ਸੀ, ਇੱਕ ਡੰਗ ਸੱਪ ਤੇ ਠੂੰਹਿਆਂ ਦਾ ਖਾਣ ਲਈ ਮੱਕੜੀਆਂ ਦੇ ਜਾਲਿਆਂ ਨਾਲ ਭਰੇ ਕਮਰੇ ਵਿੱਚ ਵੜਨ ਹੀ ਲੱਗਾ ਸਾਂ, ਕਿਸੇ ਨੇਕ ਬੰਦੇ ਨੇ ਮੇਰੀ ਬਾਂਹ ਆ ਫੜੀ। ਹਨੇਰੇ ਕਮਰੇ 'ਚ ਮੈਨੂੰ ਉਸ ਬੰਦੇ ਦਾ ਮੂੰਹ ਵੀ ਨਾ ਦਿੱਸਿਆ, ਪਰ ਉਸ ਦੇ ਬੋਲਾਂ 'ਚ ਮੱਚਦੇ ਭਾਂਬੜ ਵਰਗਾ ਸੇਕ ਸੀ। ਕਹਿੰਦਾ, "ਵੀਰਾ! ਜੇ ਜੀਵਨ ਦੀ ਲੋਅ ਮਘਦੀ ਰੱਖਣੀ ਹੋਵੇ ਤਾਂ ਨਾਗਾਂ ਦੇ ਨਿਵਾਸ ਰਹਿਣਾ ਸਿੱਖ ਲੈਣਾ ਚਾਹੀਦਾ। ਆਦਮੀ ਮਹਾਨ ਨਹੀਂ ਹੁੰਦਾ। ਮਹਾਨ ਚੁਣੌਤੀਆਂ ਹੁੰਦੀਆਂ ਨੇ। ਚੁਣੌਤੀਆਂ ਕਬੂਲ ਕਰਨ ਵਾਲਾ ਮਹਾਨ ਬਣ ਜਾਂਦੈ।" ਬੰਦੇ ਦੇ ਬੋਲਾਂ ਵਿਚਲੇ ਚਾਨਣ ਨੇ ਹਨੇਰੇ ਕਮਰੇ ਵਿੱਚ ਵੀ ਰੋਸ਼ਨੀ ਕਰ ਦਿੱਤੀ। ਅਸੀਂ ਪੁਰਾਣੀ ਪੋਟਲੀ ਭਾਲ ਕੇ ਦਮ ਲਿਆ। ਬਾਹਰ ਆ ਕੇ ਉਸ ਦੱਸਿਆ, ਉਹ ਘੁੰਮਣ ਪਿੰਡ ਦਾ ਜੱਗਰ ਹੈ।

ਗੁਰਦਿਆਲ ਸਿੰਘ ਦੇ ਨਾਵਲ 'ਪਰਸੇ' ਵਰਗੇ ਦ੍ਰਿੜ੍ਹ ਬੋਲਾਂ ਵਾਲੇ ਉਸ ਬੰਦੇ ਦਾ ਕਚਹਿਰੀਆਂ ਵੱਲ ਜਾਂਦੇ ਦਾ ਖੜਕਦਾ ਖੂੰਡਾ ਮੈਂ ਮੰਤਰ ਮੁਗਧ ਹੋ ਕੇ ਦੇਖਦਾ ਰਿਹਾ। ਸੰਖੇਪ ਜਿਹੀ ਮੁਲਾਕਾਤ ਗਹਿਰੇ ਲਗਾਅ 'ਚ ਬਦਲ ਗਈ। ਮੈਂ ਜੱਗਰ ਦੇ ਪਿੰਡ ਗਿਆ। ਜਰਜਰ ਹਾਲਤ ਵਿੱਚ ਉਸ ਦਾ ਘਰ ਸੀ। ਹਾਂ, ਉਸ ਦੇ ਬਾਰ ਮੂਹਰੇ ਖੜ੍ਹਾ ਬੋਹੜ ਜ਼ਰੂਰ ਬੜਾ ਸ਼ਾਨਦਾਰ ਸੀ। ਜ਼ਮੀਨ ਵੀ ਨਾਂਅ ਮਾਤਰ। ਇੱਕ ਮੁੰਡਾ ਵਿਆਹਿਆ ਹੋਇਆ। ਮੈਨੂੰ ਘਰ 'ਚ ਫਿਰਦੀ ਨੂੰਹ ਪੰਜਾਬਣ ਤਾਂ ਨਾ ਜਾਪੀ। ਜੱਗਰ ਨੇ ਆਪ ਹੀ ਘੁੰਡੀ ਖੋਲ੍ਹੀ, 'ਮੇਰੀ ਨੂੰਹ ਬੰਗਾਲ ਦੀ ਧੀ ਹੈ। ਮਾਣ ਵਾਲੀ ਗੱਲ ਹੈ, ਇਹ ਪੰਜਾਬੀ ਬੜੀ ਸੋਹਣੀ ਬੋਲਦੀ ਐ। ਤੜਕੇ ਉਠ ਕੇ ਸਾਡੇ ਦੋਵਾਂ ਜੀਆਂ ਦੇ ਪੈਰੀਂ ਹੱਥ ਲਾਉਂਦੀ ਆ। ਘਰ ਦਾ ਸਾਰਾ ਕੰਮ ਪੈਰਾਂ ਹੱਥਾਂ ਨਾਲ ਲਾ ਕੇ ਲੈ ਜਾਂਦੀ ਆ।' ਮੇਰੀ ਨਜ਼ਰ ਜਰਜਰ ਘਰ ਨਾਲ ਖੜ੍ਹੀ ਧੜਵੈਲ ਕੋਠੀ ਵੱਲ ਗਈ। "ਇਹ ਬੈਂਕ ਮੈਨੇਜਰ ਭਰਾ ਦੀ ਕੋਠੀ ਆ। ਭਰਜਾਈ ਮੇਰੀ ਤੁਰ ਗਈ। ਭਤੀਜੇ ਕੈਨੇਡਾ 'ਚ ਰਹਿ ਕੇ ਹੋਰ ਪੈਸਾ ਕਮਾਉਣ ਗਏ ਆ। ਵੈਸੇ ਬਾਈ ਕੋਲ ਏਥੇ ਵੀ ਬਹੁਤ ਪੈਸਾ, ਪਰ ਬੰਦਿਆਂ ਦੀ ਤਮ੍ਹਾਂ ਦਾ ਕੀ ਕੀਤਾ ਜਾਵੇ? ਬਾਈ ਨੇ ਇੱਕ ਗੱਲ ਮਾੜੀ ਕੀਤੀ। ਕੋਠੀ ਦੀ ਇੱਕ ਵੀ ਬਾਰੀ ਸਾਡੇ ਵੱਲ ਨਹੀਂ ਰੱਖੀ। ਅਸੀਂ ਬੇਸ਼ੱਕ ਗਰੀਬ ਆਂ, ਪਰ ਸਾਡੇ ਜਿਗਰੇ ਪਰਾਤਾਂ ਜਿੱਡੇ ਆ। ਕੋਈ ਵਕਤ ਆਉਂਦਾ, ਜਦੋਂ ਟੁੱਟੀਆਂ ਬਾਹਾਂ ਗਲ ਨੂੰ ਆਉਂਦੀਐਂ।" ਆਖਰੀ ਵਾਕ ਆਖਦਿਅਆਂ ਜੱਗਰ ਦੀਆਂ ਅੱਖਾਂ ਦੇ ਕੋਣਿਆਂ ਵਿੱਚ ਪਾਣੀ ਸਿੰਮ ਆਇਆ। ਮਾਹੌਲ ਬੋਝਲ ਬਣ ਗਿਆ, ਪਰ ਜੱਗਰ ਦੇ ਬੋਹੜ ਹੇਠ ਖੇਡਦੇ ਦੋਵੇਂ ਪੋਤਰਿਆਂ ਨੇ ਸਾਡੇ ਵਿਚਕਾਰ ਆ ਆਲਾ-ਦੁਆਲਾ ਖੁਸ਼ਨੁਮਾ ਬਣਾ ਦਿੱਤਾ। ਮੁੰਡਿਆਂ ਦੀ ਬੰਗਾਲੀ ਤੇ ਪੰਜਾਬੀ ਨਕਸ਼ਾਂ ਦੀ ਦਿੱਖ ਦੇਖਿਆਂ ਹੀ ਬਣਦੀ ਸੀ।

ਇੱਕ ਦਿਨ ਸੁਨੇਹਾ ਮਿਲਿਆ। ਕਿਸੇ ਗਰੀਬ ਦੀ ਮਦਦ 'ਤੇ ਆਏ ਜੱਗਰ ਦੀ ਪੁਲਸ ਨਾਲ ਤਕਰਾਰ ਹੋ ਗਈ। ਕੇਸ ਪੈ ਗਿਆ। ਬਖਸ਼ੀਖਾਨੇ ਮਿਲਣ ਗਿਆ। ਜੱਗਰ ਕਹਿੰਦਾ, 'ਪੁਲਸ ਨੇ ਆਵਦੀ ਤੋਰ ਤੁਰਨਾ ਤੇ ਅਸੀਂ ਆਵਦੀ। ਬੱਸ ਹਾਥੀ ਦੀ ਤੋਰ ਯਾਦ ਰੱਖਿਆ ਕਰੋ।" ਉਸ ਜੇਬ੍ਹ 'ਚੋਂ ਇੱਕ ਕਤਰਨ ਕੱਢੀ। ਅਖਬਾਰ ਦੀ ਫੋਟੋ ਸੀ। "ਆਹ ਉੱਗੀ ਪਿੰਡ ਦੇ ਲੋਕ ਨੇ। ਖੇਤਾਂ ਦੇ ਪੁੱਤ ਪਾਸ਼ ਨੂੰ ਮੋਮਬੱਤੀਆਂ ਬਾਲ ਕੇ ਯਾਦ ਕਰ ਰਹੇ ਆ। ਪਾਸ਼ ਹਰ ਰੋਜ਼ ਜਿਊਂਦਾ ਹੋ ਰਿਹਾ। ਕਿਸੇ ਦਿਨ ਇਸ ਬੰਦੇ ਦੇ ਨਾਂਅ 'ਤੇ ਮੇਲੇ ਵੀ ਭਰਿਆ ਕਰਨਗੇ। ਦੋ ਤੱਤਾਂ ਦੇ ਪੁਨਰ ਜਨਮ ਬਾਰੇ ਮੈਂ ਵੀ ਪੜ੍ਹਿਆ। ਇੱਕ ਤਾਂ ਅੰਬਰ ਦਾ ਤਾਰਾ ਜਦੋਂ ਆਵਦੀ ਅਥਾਹ ਊਰਜਾ ਨਾਲ ਧਮਾਕਾ ਕਰਦਾ ਤਾਂ ਉਹਦੇ ਮਲਬੇ 'ਚੋਂ ਨਵਾਂ ਸਿਤਾਰਾ ਪੈਦਾ ਹੁੰਦਾ। ਇੱਕ ਪਾਸ਼ ਵਰਗੇ ਬੰਦੇ, ਜਿਹੜੇ ਸਮਾਜ ਦੀ ਹਿੱਕ 'ਤੇ ਪੈਰ ਧਰ ਕੇ ਨਿੱਤ ਜਵਾਨ ਹੁੰਦੇ ਆ...।"

ਜੱਗਰ ਕੇਸ 'ਚੋਂ ਵੀ ਬਾਹਰ ਆ ਗਿਆ। ਮਿਲਣ ਗਿਆ ਤਾਂ ਬੋਹੜ ਹੇਠ ਪਰਵਾਰ ਦੇ ਨਾਲ ਅਧਰੰਗ ਦੇ ਦੌਰੇ ਮਗਰੋਂ ਕਮਜ਼ੋਰ ਪਿਆ ਮੈਨੇਜਰ ਭਰਾ ਵੀ ਓਥੇ ਪਿਆ ਸੀ। ਜੱਗਰ ਦੀ ਨੂੰਹ ਮੈਨੇਜਰ ਭਰਾ ਦੀ ਅਧਰੰਗ ਨਾਲ ਨੁਕਸਾਨੀ ਬਾਂਹ ਦੀ ਮਾਲਸ਼ ਕਰ ਰਹੀ ਸੀ। ਚਾਹ ਫੜਾਉਦਿਆਂ ਜੱਗਰ ਕਹਿੰਦਾ, "ਇੱਕ ਰਾਤ ਬਾਈ ਬਿਮਾਰ ਹੋ ਗਿਆ। ਸਾਨੂੰ ਸਵੇਰੇ ਪਤਾ ਲੱਗਾ। ਚੁੱਕ ਕੇ ਹਸਪਤਾਲ ਭੱਜੇ। ਲਾਕਡਾਊਨ ਕਰ ਕੇ ਭਤੀਜੇ ਵੀ ਆਉਣ ਤੋਂ ਅਸਮਰੱਥ ਸੀ। ਮੁਸ਼ਕਲ ਨਾਲ ਜਾਨ ਬਚੀ। ਬਾਈ ਏਨਾ ਡਰ ਗਿਆ, ਟੁੱਟੇ ਫੁੱਟੇ ਲਫਜ਼ਾਂ 'ਚ ਸਾਨੂੰ ਆਖਦਾ, ਕੋਠੀ ਨਹੀਂ ਜਾਣਾ। ਏਥੇ ਈ ਰਹਿਣਾ।" ਜੱਗਰ ਵੱਲ ਦੇਖ ਮੈਂ ਸੋਚਣ ਲੱਗਾ। ਜਿਵੇਂ ਸਰਬੱਤ ਦਾ ਭਲਾ ਚਾਹੁਣ ਵਾਲਾ ਤੁਰ ਗਿਆ ਪੰਜਾਬ ਮੁੜ ਪਰਤ ਆਇਆ ਹੋਵੇ।

ਫਰਾਂਸ ਤੋਂ ਮਿਲੇ ਹੋਰ ਜਹਾਜ਼ :

# ਰਾਫੇਲ ਦੇ ਫਾਈਟਰ ਜੈਟ ਚੀਨੀ ਫੌਜਾਂ ਦੀ ਚੁਣੌਤੀ ਦਾ ਸਖ਼ਤ ਜਵਾਬ ਦੇ ਸਕਣਗੇ

ਨਵੀਂ ਦਿੱਲੀ, 28 ਸਤੰਬਰ (ਪੋਸਟ ਬਿਊਰੋ)- ਫਰਾਂਸ ਨੇ ਭਾਰਤ ਨੂੰ ਰਾਫੇਲ ਲੜਾਕੂ ਹਵਾਈ ਜਹਾਜ਼ਾਂ ਦਾ ਅਗਲਾ ਬੈਚ ਵੀ ਦਿੱਤਾ ਹੈ। ਇਸ ਵਿੱਚ ਸ਼ਾਮਲ 5 ਹਵਾਈ ਜਹਾਜ਼ ਕੱਲ੍ਹ ਰਾਤ ਤੱਕ ਫਰਾਂਸ ਦੀ ਧਰਤੀ 'ਤੇ ਹੀ ਮੌਜੂਦ ਸਨ।



ਮੰਨਿਆ ਜਾਂਦਾ ਹੈ ਕਿ ਇਹ ਨਵੇਂ ਪੰਜ ਜਹਾਜ਼ ਅਕਤੂਬਰ ਵਿੱਚ ਭਾਰਤ ਪਹੁੰਚਣਗੇ। ਇਨ੍ਹਾਂ ਜਹਾਜ਼ਾਂ ਨੂੰ ਪੱਛਮੀ ਬੰਗਾਲ ਦੇ ਕਲਈਕੁੰਡਾ ਏਅਰ ਫੋਰਸ ਸਟੇਸ਼ਨ ਵਿਖੇ ਰੱਖਿਆ ਜਾਵੇਗਾ। ਇਹ ਹਵਾਈ ਜਹਾਜ਼ ਚੀਨ ਨਾਲ ਲੱਗਦੀ ਪੂਰਬੀ ਸਰਹੱਦ ਦੀ ਰਖਵਾਲੀ ਕਰਨਗੇ। ਰਾਫੇਲ ਦੇ ਪਹਿਲੇ ਬੈਚ 'ਚ ਸ਼ਾਮਲ 5 ਹਵਾਈ ਜਹਾਜ਼ਾਂ ਨੂੰ 10 ਸਤੰਬਰ ਨੂੰ ਇੱਕ ਰਸਮੀ ਪ੍ਰੋਗਰਾਮ ਦੌਰਾਨ ਭਾਰਤੀ ਹਵਾਈ ਫੌਜ 'ਚ ਸ਼ਾਮਲ ਕੀਤਾ ਗਿਆ ਸੀ। ਭਾਰਤ 'ਚ ਫਰਾਂਸ ਦੇ ਰਾਜਦੂਤ ਇਮੈਨੁਅਲ ਲੈਨਿਨ ਨੇ ਕਿਹਾ ਕਿ ਰਾਫੇਲ ਫਾਈਟਰ ਜੈਟ ਦੇ ਦੂਜੇ ਬੈਚ ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਨ੍ਹਾਂ ਭਾਰਤੀ ਹਵਾਈ ਫੌਜ ਦੇ ਪਾਇਲਟਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਬੇਹਦ ਹੁਨਰਮੰਦ ਪਾਇਲਟ ਕਰਾਰ ਦਿੱਤਾ। ਭਾਰਤੀ ਰਾਫੇਲ ਦੇ ਮੁਕਾਬਲੇ ਚੀਨ ਦਾ ਚੇਂਗਦੂ ਜੇ-20 ਅਤੇ ਪਾਕਿ-ਸਤਾਨ ਦਾ ਜੇ ਐਫ 17 ਲੜਾਕੂ ਹਵਾਈ ਜਹਾਜ਼ ਬਹੁਤ ਪਿੱਛੇ ਹਨ। ਚੀਨੀ ਜੇ-20 ਦਾ ਮੁੱਖ ਰੋਲ ਸਟੀਲਥ ਫਾਇਟਰ ਦਾ ਹੈ। ਰਾਫੇਲ ਹਵਾਈ ਜਹਾਜ਼ ਚੀਨੀ ਜੇ-20 ਦੇ ਲਈ ਕਾਲ ਬਣਨਗੇ। ਚੀਨ ਨਾਲ ਲੱਗਦੀ ਸਰਹੱਦ 'ਤੇ ਘਟ ਤਾਪਮਾਨ ਕਾਰਨ ਇਸ ਹਵਾਈ ਜਹਾਜ਼ 'ਚ ਭਾਰਤ ਨੇ ਆਪਣੇ ਹਿਸਾਬ ਨਾਲ ਕੁਝ ਤਬਦੀਲੀਆਂ ਕਰਵਾ ਲਈਆਂ ਹਨ। ਇਸ ਕਾਰਨ ਘੱਟ ਤਾਮਪਾਨ 'ਚ ਇਹ ਹਵਾਈ ਜਹਾਜ਼ ਆਸਾਨੀ ਨਾਲ ਸਟਾਰਟ ਹੋ ਸਕਦਾ ਹੈ। ਪਹਿਲੇ ਬੈਚ 'ਚ ਭਾਰਤ ਪੁੱਜੇ 5 ਰਾਫੇਲ ਹਵਾਈ ਜਹਾਜ਼ਾਂ ਦੇ 250 ਘੰਟਿਆਂ ਤੋਂ ਵੱਧ ਦੀ ਉਡਾਨ ਅਤੇ ਫੀਲਡ ਫਾਇਰਿੰਗ ਟੈਸਟ ਕੀਤੇ ਜਾ ਚੁੱਕੇ ਹਨ। ਇਨ੍ਹਾਂ ਹਵਾਈ ਜਹਾਜ਼ਾਂ ਨੂੰ ਅੰਬਾਲਾ ਵਿਖੇ 17 ਗੋਲਡਨ ਐਰੋ ਸਕੁਵੈਡਰਨ 'ਚ ਸ਼ਾਮਲ ਕੀਤਾ ਗਿਆ ਹੈ।

ਭਾਰਤ ਨੇ ਫਰਾਂਸ ਨਾਲ 36 ਰਾਫੇਲ ਜਹਾਜ਼ਾਂ ਦੀ ਖਰੀਦ ਦਾ ਸੌਦਾ ਕੀਤਾ ਸੀ। 36 ਰਾਫੇਲ ਲੜਾਕੂ ਹਵਾਈ ਜਹਾਜ਼ਾਂ ਵਿੱਚੋਂ 30 ਲੜਾਕੂ ਹੋਣਗੇ ਅਤੇ ਛੇ ਸਿਖਾਂਦਰੂ ਹੋਣਗੇ। ਸਿਖਾਂਦਰੂ ਹਵਾਈ ਜਹਾਜ਼ਾਂ 'ਚ 2-2 ਸੀਟਾਂ ਹੋਣਗੀਆਂ। ਉਨ੍ਹਾਂ 'ਚ ਲੜਾਕੂ ਹਵਾਈ ਜਹਾਜ਼ ਵਾਲੀਆਂ ਸਭ ਖੂਬੀਆਂ ਹੋਣਗੀਆਂ। ਰੂਸ ਤੋਂ ਸੁਖੋਈ ਹਵਾਈ ਜਹਾਜ਼ਾਂ ਦੀ ਖਰੀਦ ਤੋਂ 23 ਸਾਲ ਬਾਅਦ ਪਹਿਲੀ ਵਾਰ ਭਾਰਤ ਨੇ ਰਾਫੇਲ ਵਰਗੇ ਲੜਾਕੂ ਹਵਾਈ ਜਹਾਜ਼ਾਂ ਦੀ ਵੱਡੀ ਖਰੀਦ ਕੀਤੀ ਹੈ।

# ਭਾਰਤ ਸਰਕਾਰ ਨੇ ਲੱਦਾਖ ਸੈਕਟਰ ਵਿੱਚ ਟੀ-90 ਅਤੇ ਟੀ-72 ਟੈਂਕ ਤਾਇਨਾਤ ਕੀਤੇ



ਨਵੀਂ ਦਿੱਲੀ, 28 ਸਤੰਬਰ (ਪੋਸਟ ਬਿਊਰੋ)- ਭਾਰਤ ਅਤੇ ਚੀਨ ਵਿਚਾਲੇ ਪੂਰਬੀ ਲੱਦਾਖ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਬਣੇ ਹੋਏ ਤਲਖ਼ੀ ਵਾਲੇ ਮਾਹੌਲ ਦੌਰਾਨ ਜੰਗ ਵਰਗੇ ਹਾਲਾਤ ਨੂੰ ਸ਼ਾਂਤ ਕਰਨ ਲਈ ਕਈ ਵਾਰ ਫੌਜੀ ਕਮਾਂਡਰ ਪੱਧਰ ਦੀ ਮੀਟਿੰਗ ਹੋ ਚੁੱਕੀ ਹੈ, ਪਰ ਚੀਨ ਕੰਟਰੋਲ ਰੇਖਾ ਤੋਂ ਆਪਣੇ ਕਦਮ ਪਿੱਛੇ ਹਟਾਉਣ ਨੂੰ ਤਿਆਰ ਨਹੀਂ। ਚੀਨ ਦੇ ਜ਼ਿੱਦੀ ਰੁਖ ਨੂੰ ਦੇਖਦੇ ਹੋਏ ਭਾਰਤ ਨੇ ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਕੱਲ੍ਹ ਲੇਹ ਤੋਂ 200 ਕਿਲੋਮੀਟਰ ਦੂਰ ਪੂਰਬੀ ਲੱਦਾਖ ਦੇ ਚੁਮਾਰ ਡੇਮਚੌਕ ਖੇਤਰ ਵਿੱਚ ਟੈਂਕ ਅਤੇ ਪੈਦਲ ਫੌਜ ਦੇ ਵਾਹਨ ਤਾਇਨਾਤ ਕੀਤੇ ਹਨ।

ਪਤਾ ਲੱਗਾ ਹੈ ਕਿ ਡੇਮਚੋਕ ਖੇਤਰ ਵਿੱਚ ਬੀ ਐਮ ਪੀ-2 ਇਨਫੈਂਟਰੀ ਕਾਮਬੈਟ ਵ੍ਹੀਕਲਸ ਦੇ ਨਾਲ ਟੀ-90 ਅਤੇ ਟੀ-72 ਟੈਂਕਾਂ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਦੀ ਖਾਸ ਗੱਲ ਇਹ ਹੈ ਕਿ ਇਹ ਪੂਰਬੀ ਲੱਦਾਖ ਵਿਚਲੇ ਮਾਈਨਸ 40 ਡਿਗਰੀ ਸੈਲਸੀਅਸ ਦੇ ਤਾਪਮਾਨ ਵਿੱਚ ਵੀ ਸਟੀਕ ਤਰੀਕੇ ਨਾਲ ਦੁਸ਼ਮਣ 'ਤੇ ਹਮਲਾ ਕਰ ਸਕਦੇ ਹਨ। ਅਸਲ ਕੰਟਰੋਲ ਰੇਖਾ 'ਉੱ ਟੀ-90 ਅਤੇ ਟੀ-72 ਟੈਂਕਾਂ ਦੀ ਤਾਇਨਾਤੀ ਕਰਨ ਬਾਰੇ 14 ਕੋਰ ਦੇ ਚੀਫ ਆਫ ਸਟਾਫ ਦੇ ਮੇਜਰ ਜਨਰਲ ਅਰਵਿੰਦ ਕਪੂਰ ਨੇ ਦੱਸਿਆ ਕਿ ਪੂਰੀ ਦੁਨੀਆ ਦੇ ਦੇਸ਼ਾਂ ਦੇ ਅਜਿਹੇ ਸਖ਼ਤ ਇਲਾਕਿਆਂ ਵਿੱਚ ਮੈਕੇਨਾਈਜ਼ਡ ਦਸਤਿਆਂ ਨੂੰ ਤਾਇਨਾਤ ਕੀਤਾ ਜਾਂਦਾ ਹੈ। ਟੈਂਕ, ਪੈਦਲ ਫੌਜ ਦੇ ਲੜਾਕੂ ਵਾਹਨਾਂ ਤੇ ਭਾਰੀ ਬੰਦੂਕਾਂ ਨੂੰ ਇਸ ਇਲਾਕੇ ਵਿੱਚ ਰੱਖਣਾ ਇੱਕ ਚੁਣੌਤੀ ਹੈ। ਚੀਨ ਨਾਲ ਚੱਲਦੇ ਤਣਾਅ ਬਾਰੇ ਮੇਜਰ ਜਨਰਲ ਅਰਵਿੰਦ ਕਪੂਰ ਨੇ ਕਿਹਾ ਕਿ ਚਾਲਕ ਦਸਤੇ ਤੇ ਯੰਤਰਾਂ ਦੀ ਤਿਆਰੀ ਯਕੀਨੀ ਕਰਨ ਲਈ ਜਵਾਨ ਅਤੇ ਮਸ਼ੀਨਾਂ ਦੋਹਾਂ ਲਈ ਭਰਪੂਰ ਵਿਵਸਥਾਵਾਂ ਕੀਤੀਆਂ ਗਈਆਂ ਹਨ।

# ਬਿਹਾਰ ਵਿੱਚ ਐਨ ਡੀ ਏ ਅਤੇ ਮਹਾ ਗਠਜੋੜ ਵਿੱਚ ਪੇਚ ਫਸਿਆ

ਪਟਨਾ, 28 ਸਤੰਬਰ (ਪੋਸਟ ਬਿਊਰੋ)- ਬਿਹਾਰ ਵਿਧਾਨ ਸਭਾ ਚੋਣਾਂ ਲਈ ਨਾਮਜ਼ਦਗੀ ਤਿੰਨ ਦਿਨਾਂ ਬਾਅਦ ਹੋ ਜਾਏਗੀ, ਪਰ ਅਜੇ ਤੱਕ ਗਠਜੋੜਾਂ ਦਾ ਰੂਪ ਅੰਤਿਮ ਸ਼ਕਲ ਨਹੀਂ ਲੈ ਸਕਿਆ ਹੈ। ਫਾਰਮੂਲਾ ਦੋਵਾਂ ਪਾਸੇ ਹੈ, ਪਰ ਸਭ ਪਾਰਟੀਆਂ ਵੱਧ ਤੋਂ ਵੱਧ ਸੀਟਾਂ ਆਪਣੇ ਖਾਤੇ ਵਿੱਚ ਲੈਣਾ ਚਾਹੁੰਦੀਆਂ ਹਨ।

**ਬਹੁਤੀਆਂ ਸੀਟਾਂ ਦੀ ਚਾਹਤ:**

ਐੱਨ ਡੀ ਏ ਗੱਠਜੋੜ ਵਿੱਚ ਭਾਜਪਾ-ਜਨਤਾ ਦਲ ਯੂ ਆਪੋ ਵਿੱਚ ਇੱਕ ਰਾਏ ਬਣਾ ਚੁੱਕੇ ਹਨ ਤੇ ਲੋਕ ਜਨ ਸ਼ਕਤੀ ਪਾਰਟੀ ਦੀਆਂ ਖਾਹਿਸ਼ਾਂ ਰਾਹ ਵਿੱਚ ਆ ਰਹੀਆਂ ਹਨ। ਮਹਾ ਗਠਜੋੜ ਵਿੱਚ ਐੱਨ ਡੀ ਏ ਵਾਂਗ ਸੀਟਾਂ ਦਾ ਇੱਕ ਫਾਰਮੂਲਾ ਸਹਿਯੋਗੀ ਪਾਰਟੀਆਂ ਨੂੰ ਦਿੱਤਾ ਗਿਆ ਹੈ, ਪਰ ਕਾਂਗਰਸ ਅਤੇ ਖੱਬੇ ਪੱਖੀ ਦਲਾਂ ਦੀ ਚਾਹਤ ਇਸ ਤੋਂ ਵੱਧ ਦੀ ਹੈ। ਇਸ ਦੇ ਬਾਦਅ ਤੀਸਰੇ ਮੋਰਚੇ ਦੀ ਖੁਸਰ-ਫੁਸਰ ਆਉਣ ਲੱਗੀ ਹੈ। ਜਨਤਾ ਦਲ ਯੂ ਅਤੇ ਭਾਜਪਾ ਵਿੱਚ ਮੋਟੇ ਤੌਰ 'ਤੇ ਸਹਿਮਤੀ ਹੋ ਗਈ ਹੈ। ਲੋਕ ਜਨਤਾ ਸ਼ਕਤੀ ਪਾਰਟੀ ਦੇ ਸਪੱਸ਼ਟ ਫੈਸਲੇ ਦੀ ਜਾਣਕਾਰੀ ਮਿਲਦੇ ਸਾਰ ਐਨ ਡੀ ਏ ਵਿੱਚ ਵੀ ਸੀਟਾਂ ਦਾ ਐਲਾਨ ਹੋ ਜਾਏਗਾ। ਰਾਸ਼ਟਰੀ ਲੋਕ ਸ਼ਕਤੀ ਪਾਰਟੀ ਇਸ ਗਠਜੋੜ ਜਾਂ ਤੀਸਰੇ ਮੋਰਚੇ ਦੀ ਦੁਬਿਧਾ ਵਿੱਚ ਫਸੀ ਹੋਈ ਹੈ। ਇਸ ਦੇ ਮੁਖੀ ਉਪਿੰਦਰ ਕੁਸ਼ਵਾਹਾ ਇਸ ਸਮੇਂ ਦਿੱਲੀ ਵਿੱਚ ਐਨ ਡੀ ਏ ਦੇ ਨਾਲ ਗਠਜੋੜ ਦੀ ਸੰਭਾਵਨਾ ਤਲਾਸ਼ ਰਹੇ ਹਨ। ਗਠਜੋੜ ਵਿੱਚ ਕਾਂਗਰਸ, ਸੀ ਪੀ ਆਈ ਐਮ ਐਲ ਅਤੇ ਵੀ ਆਈ ਪੀ ਵਰਗੇ ਗਰੁੱਪ ਰਾਸ਼ਟਰੀ ਜਨਤਾ ਦਲ ਉੱਤੇ ਦਬਾਅ ਦੀ ਰਾਜਨੀਤੀ ਵਿੱਚ ਲੱਗੇ ਹੋਏ ਹਨ। ਇਸ ਬਾਰੇ ਕਿਸੇ ਫਾਰਮੂਲੇ 'ਤੇ ਆਖਰੀ ਸਹਿਮਤੀ ਦੇ ਲਈ ਜਲਦੀ ਹੀ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਆਪਣੀ ਪਾਰਟੀ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਮਿਲਣਗੇ ਅਤੇ ਕਾਂਗਰਸ ਦੇ ਬਿਹਾਰ ਇੰਚਾਰਜ ਸ਼ਕਤੀ ਸਿੰਘ ਗੋਹਿਲ ਵੀ ਕਾਂਗਰਸ ਹਾਈ ਕਮਾਂਡ ਨੂੰ ਸਥਿਤੀ ਤੋਂ ਜਾਣੂ ਕਰਵਾ ਕੇ ਸੀਟਾਂ 'ਤੇ ਆਖਰੀ ਰਜ਼ਾਮੰਦੀ ਪ੍ਰਾਪਤ ਕਰਨਗੇ। ਮਹਾ ਗਠਜੋੜ ਦੇ ਸਹਿਯੋਗੀਆਂ ਦੇ ਲਈ ਸੀਟ ਵੰਡ ਦਾ ਜੋ ਫਾਰਮੂਲਾ ਰਾਸਟਰੀ ਜਨਤਾ ਦਲ ਨੇ ਤੈਅ ਕੀਤਾ ਹੈ, ਉਸ ਦੇ ਤਹਿਤ ਇਹ ਪਾਰਟੀ 153 ਤੋਂ 155 ਸੀਟਾਂ 'ਤੇ ਖੁਦ ਚੋਣ ਲੜੇਗੀ। ਸੀਟ ਵੰਡ ਫਾਰਮੂਲੇ ਵਿੱਚ ਕਾਂਗਰਸ ਨੂੰ 65 ਸੀਟਾਂ ਪੇਸ਼ ਹੋਈਆਂ ਹਨ। ਕਾਂਗਰਸ 65 ਸੀਟਾਂ ਦੀ ਥਾਂ 70 ਸੀਟਾਂ ਦੇ ਲਈ ਦਬਾਅ ਬਣਾ ਰਹੀ ਹੈ।



ਬਿਹਾਰ ਵਿੱਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਨੇ ਬੀਤੇ ਦਿਨੀਂ ਕਿਹਾ ਕਿ ਜੇ ਉਨ੍ਹਾਂ ਨੂੰ ਸਰਕਾਰ ਬਣਾਉਣ ਦਾ ਮੌਕਾ ਮਿ-ਲਆ ਤਾਂ ਕੈਬਨਿਟ ਦੀ ਪਹਿਲੀ ਬੈਠਕ ਵਿੱਚ ਹੀ ਦਸ ਲੱਖ ਨੌਜਵਾਨਾਂ ਨੂੰ ਨੌਕਰੀਆਂ ਦਿੱਤੇ ਜਾਣ ਦਾ ਫੈਸਲਾ ਲੈਣਗੇ। ਪਹਿਲੇ ਦਸਤਖਤ ਨਾਲ ਉਨ੍ਹਾਂ ਦਾ ਪਹਿਲਾ ਫੈਸਲਾ ਨੌਕਰੀਆਂ ਦਿੱਤੇ ਜਾਣ ਦਾ ਹੀ ਹੋਵੇਗਾ।

ਬਾਲੀਵੁੱਡ ਦਾ ਡਰੱਗ ਕੇਸ :

# ਪ੍ਰਸਿੱਧ ਅਦਾਕਾਰਾਂ ਦੀਪਿਕਾ, ਰਕੁਲ, ਸਿਮੋਨ ਅਤੇ ਪ੍ਰਕਾਸ਼ ਦੇ ਫੋਨ ਜ਼ਬਤ



ਮੁੰਬਈ, 28 ਸਤੰਬਰ (ਪੋਸਟ ਬਿਊਰੋ)- ਬਾਲੀਵੁੱਡ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੀ ਖੁਦਕੁਸ਼ੀ ਕਾਰਨ ਮੌਤ ਦੇ ਕੇਸ ਵਿੱਚ ਅਭਿਨੇਤਰੀਆਂ ਰਕੁਲਪ੍ਰੀਤ ਸਿੰਘ, ਦੀਪਿਕਾ ਪਾਦੁਕੋਣ, ਉਸ ਦੀ ਸਾਬਕਾ ਮੈਨੇਜਰ ਕ੍ਰਿਸ਼ਮਾ ਪ੍ਰਕਾਸ਼ ਦੇ ਨਾਲ ਫੈਸ਼ਨ ਡਿਜ਼ਾਈਨਰ ਸਿਮੋਨ ਖੰਬਾਟਾ ਤੋਂ ਡਰੱਗ ਕੇ ਸਵਿੱਚ ਪੁੱਛਗਿੱਛ ਕਰ ਰਹੀ ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਨੇ ਉਨ੍ਹਾਂ ਦੇ ਮੋਬਾਈਲ ਫੋਨਾਂ ਨੂੰ ਜ਼ਬਤ ਕਰ ਲਿਆ ਹੈ। ਦੀਪਿਕਾ ਤੇ ਕ੍ਰਿਸ਼ਮਾ ਪ੍ਰਕਾਸ਼ ਤੋਂ ਸ਼ਨੀਵਾਰ ਅਤੇ ਰਕੁਲ ਅਤੇ ਖੰਬਾਟਾ ਤੋਂ ਸ਼ੁੱਕਰਵਾਰ ਕਈ ਘੰਟਿਆਂ ਤੱਕ ਪੁੱਛਗਿੱਛ ਤੋਂ ਬਾਅਦ ਫੋਨ ਜ਼ਬਤ ਕੀਤੇ ਗਏ ਹਨ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਜਾਂਚ ਏਜੰਸੀ ਨੇ ਉਨ੍ਹਾਂ ਦੇ ਫੋਨ ਡਰੱਗ ਚੈਟ ਦੇ ਸਬੂਤ ਵਜੋਂ ਇਕੱਠੇ ਕਰ ਲਏ ਹਨ। ਇਨ੍ਹਾਂ ਸੂਤਰਾਂ ਨੇ ਇਹ ਵੀ ਦੱਸਿਆ ਕਿ ਐਨ ਸੀ ਬੀ ਨੇ ਸੁਸ਼ਾਂਤ ਦੀ ਸਾਬਕਾ ਟੈਲੈਂਟ ਮੈਨੇਜਰ ਜਯਾ ਸਾਹਾ ਦਾ ਫੋਨ ਵੀ ਜ਼ਬਤ ਕੀਤਾ ਹੈ। ਓਧਰ ਮੁੰਬਈ ਦੀ ਇੱਕ ਕੋਰਟ ਨੇ ਧਰਮਾ ਪ੍ਰੋਡਕਸ਼ਨ ਦੇ ਇੱਕ ਸਾਬਕਾ ਅਧਿਕਾਰੀ ਕਸ਼ਿਤਿਜ ਆਰ ਪ੍ਰਸਾਦ ਨੂੰ ਤਿੰਨ ਅਕਤੂਬਰ ਤਕ ਐਨ ਸੀ ਬੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪ੍ਰਸਾਦ 'ਤੇ ਇੱਕ ਵਪਾਰੀ ਤੋਂ ਨਸ਼ੀਲੇ ਪਦਾਰਥ ਖਰੀਦਣ ਦਾ ਦੋਸ਼ ਹੈ। ਉਸ 'ਤੇ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਪੈਡਲਰਸ ਜਾਂ ਸਪਲਾਇਰਾਂ ਨਾਲ ਸਬੰਧ ਰੱਖਣ ਦਾ ਦੋਸ਼ ਹੈ। ਇਨ੍ਹਾਂ ਵਿੱਚੋਂ ਕਈਆਂ ਨੂੰ ਡਰੱਗ ਕੇਸ ਦੀ ਜਾਂਚ ਦੇ ਸਿਲਸਿਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

# ਸੰਜੇ ਰਾਉਤ ਅਤੇ ਭਾਜਪਾ ਆਗੂ ਫੜਨਵੀਸ ਦੀ ਮੀਟਿੰਗ ਦੇ ਬਾਅਦ ਸਿਆਸੀ ਹਲਚਲ ਤੇਜ਼

ਮੁੰਬਈ, 28 ਸਤੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਆਗੂ ਸੰਜੇ ਰਾਉਤ ਅਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਪਰਸੋਂ ਹੋਈ ਮੁਲਾਕਾਤ ਪਿੱਛੋਂ ਮਹਾਰਾਸ਼ਟਰ 'ਚ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਇਸ ਮੁਲਾਕਾਤ ਤੋਂ ਇੱਕ ਦਿਨ ਬਾਅਦ ਐਨ ਸੀ ਪੀ ਅਤੇ ਕਾਂਗਰਸ ਦੇ ਆਗੂਆਂ ਨੇ ਮੁੱਖ ਮੰਤਰੀ ਊਧਵ ਠਾਕਰੇ ਨਾਲ ਮੁਲਾਕਾਤ ਕੀਤੀ।

ਐਨ ਸੀ ਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਨੇ ਦੁਪਹਿਰ ਬਾਅਦ ਮੁੱਖ ਮੰਤਰੀ ਊਧਵ ਠਾਕਰੇ ਦੀ ਸਰਕਾਰੀ ਕੋਠੀ ਵਰਸ਼ਾ ਵਿਖੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਬਾਲਾ ਸਾਹਿਬ ਥੋਰਾਟ ਨੇ ਵੀ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਇਨ੍ਹਾਂ ਆਗੂਆਂ ਵਿਚਾਲੇ ਹੋਈ ਗੱਲਬਾਤ ਦਾ ਵੇਰਵਾ ਪਤਾ ਨਹੀਂ ਲੱਗਾ, ਪਰ ਚਰਚਾ ਹੈ ਕਿ ਇਸ ਦਾ ਮੁੱਖ ਵਿਸ਼ਾ ਸੰਜੇ ਰਾਉਤ ਅਤੇ ਭਾਜਪਾ ਆਗੂ ਦਵੇਂਦਰ ਫੜਨਵੀਸ ਦੀ ਮੁਲਾਕਾਤ ਰਿਹਾ ਹੋਵੇਗਾ। ਇਸ ਦੌਰਾਨ ਪੰਜ ਤਾਰਾ ਹੋਟਲ ਵਿੱਚ ਦੇਵੇਂਦਰ ਫੜਨਵੀਸ ਤੇ ਸੰਜੇ ਰਾਉਤ ਵਿਚਾਲੇ ਮੁਲਾਕਾਤ 'ਤੇ ਸ਼ਿਵ ਸੈਨਾ ਤੇ ਭਾਜਪਾ ਵੱਲੋਂ ਸਫਾਈ ਦਿੱਤੀ ਜਾ ਰਹੀ ਹੈ। ਫੜਨਵੀਸ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੇ ਸਮੇਂ ਵਿੱਚ ਇਹ ਸਰਕਾਰ ਜਿੰਦਾਂ ਕੰਮ ਕਰ ਰਹੀ ਹੈ, ਉਸ ਬਾਰੇ ਲੋਕਾਂ ਨੂੰ ਬਹੁਤ ਗੁੱਸਾ ਹੈ। ਸੰਜੇ ਰਾਉਤ ਨੇ ਕਿਹਾ ਕਿ ਸਾਡੀ ਮੁਲਾਕਾਤ ਸਿਰਫ ਸ਼ਿਵ ਸੈਨਾ ਦੇ ਅਖਬਾਰ ਸਾਮਣਾ ਦੇ ਵਾਸਤੇ ਇੱਕ ਇੰਟਰਵਿਊ ਦੇ ਸੰਬੰਧ ਵਿੱਚ ਸੀ ਤੇ ਇਸ ਬਾਰੇ ਮੁੱਖ ਮੰਤਰੀ ਊਧਵ ਠਾਕਰੇ ਨੂੰ ਵੀ ਪਤਾ ਸੀ।

ਇਸ ਦੌਰਾਨ ਸ਼ਿਵ ਸੈਨਾ ਅਤੇ ਐਨ ਸੀ ਪੀ ਨੇ ਅਕਾਲੀ ਦਲ ਦੇ ਐਨ ਡੀ ਏ ਤੋਂ ਬਾਹਰ ਆਉਣ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਸ਼ਿਵ ਸੈਨਾ ਤੋਂ ਬਾਅਦ ਅਕਾਲੀ ਦਲ ਦੂਜੀ ਪਾਰਟੀ ਹੈ ਜਿਸ ਨੇ ਇੱਕ ਸਾਲ ਦੇ ਅੰਦਰ ਭਾਜਪਾ ਦੇ ਨਾਲ ਨਾਤਾ ਤੋੜਿਆ ਹੈ। ਸ਼ਿਵ ਸੈਨਾ ਆਗੂ ਸੰਜੇ ਰਾਉਤ ਨੇ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਨੇ ਭਾਜਪਾ ਨਾਲ ਓਦੋਂ ਹੱਥ ਮਿਲਾਇਆ ਸੀ ਜਦੋਂ ਉਸ ਨੂੰ ਗਠਜੋੜ ਲਈ ਮੁਸ਼ਕਲ ਨਾਲ ਸਹਿਯੋਗੀ ਮਿਲਦੇ ਸਨ। ਐਨ ਸੀ ਪੀ ਮੁਖੀ ਸ਼ਰਦ ਪਵਾਰ ਨੇ ਵੀ ਅਕਾਲੀ ਦਲ ਦੇ ਐਨ ਡੀ ਏ ਤੋਂ ਵੱਖ ਹੋਣ ਦਾ ਸਵਾਗਤ ਕਰਦਿਆਂ ਅਕਾਲੀ ਆਗੂਆਂ ਨੂੰ ਸ਼ੁਭ ਕਾਮ-ਨਾਵਾਂ ਦਿੱਤੀਆਂ ਹਨ।

# ਪੱਤਰਕਾਰਾਂ ਉੱਤੇ ਹਮਲਾ ਕਰਨ ਵਾਲੇ 4 ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਖਿਲਾਫ ਕਾਰਵਾਈ

* 2 ਜਣੇ ਸਸਪੈਂਡ ਕੀਤੇ, 2 ਜਣਿਆਂ ਦਾ ਤਬਾਦਲਾ

ਅੰਮ੍ਰਿਤਸਰ, 28 ਸਤੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ ਦੇ ਕੇਸ ਵਿੱਚ ਸਿੱਖ ਜਥੇਬੰਦੀਆਂ ਵੱਲੋਂ ਗੁਰੂ ਰਾਮਦਾਸ ਸਰਾਂ ਨੇੜੇ ਦਿੱਤੇ ਰੋਸ ਧਰਨੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਕੁਝ ਮੁਲਾਜ਼ਮਾਂ ਵੱਲੋਂ ਇਸ ਮੌਕੇ ਕਵਰੇਜ ਕਰਦੀ ਟੀ ਵੀ ਦੀ ਟੀਮ ਅਤੇ ਕੁਝ ਹੋਰ ਮੀਡੀਆ ਕਰਮੀਆਂ 'ਤੇ ਹਮਲਾ ਕਰਕੇ ਉਨ੍ਹਾਂ ਦੇ ਕੈਮਰੇ ਖੋਹਣ ਦਾ ਯਤਨ ਕਰਨ ਦੇ ਕੇਸ ਵਿੱਚ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਕੁਝ ਕਾਰਵਾਈ ਕੀਤੀ ਹੈ। ਇਸ ਮਾਮਲੇ ਵਿੱਚ ਦੋ ਦੋਸ਼ੀ ਮੁਲਾਜ਼ਮਾਂ ਨੂੰ ਸਸਪੈਂਡ ਕਰਨ ਤੇ ਦੋ ਮੁਲਾਜ਼ਮਾਂ ਦੀਆਂ ਬਦਲੀਆਂ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਵਾਪਰੀ ਘਟਨਾ 'ਤੇ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੀਡੀਆ ਕਰਮੀਆਂ ਦਾ ਸਦਾ ਸਤਿਕਾਰ ਕਰਦੀ ਆਈ ਹੈ ਅਤੇ ਸਾਡੇ ਕਿਸੇ ਵੀ ਮੁਲਾਜ਼ਮ ਵੱਲੋਂ ਮੀਡੀਆ ਨਾਲ ਬਦਸਲੂਕੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ




ਕਿਹਾ ਕਿ ਅਜਿਹੀ ਘਟਨਾ ਮੁੜ ਕਦੇ ਨਾ ਵਾਪਰੇ ਇਸ ਲਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ।

ਇਸ ਸੰਬੰਧ ਵਿੱਚ ਕੱਲ੍ਹ ਸ਼ਾਮ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਤੇ ਪ੍ਰਧਾਨ ਦੇ ਨਿੱਜੀ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਦੱਸਿਆ ਕਿ ਮੀਡੀਆ ਨਾਲ ਬਦਸਲੂਕੀ ਕਰਨ ਦੇ ਦੋਸ਼ੀ ਪਾਏ ਗਏ ਚਾਰ ਮੁਲਾਜ਼ਮਾਂ 'ਚੋਂ ਤਲਵਿੰਦਰ ਸਿੰਘ ਕਲਰਕ ਤੇ ਸਵਿੰਦਰ ਸਿੰਘ ਹੈਲਪਰ ਨੂੰ ਸਸਪੈਂਡ ਕਰ ਦਿੱਤਾ ਗਿਆ ਤੇ ਗੁਰਦ-ਆਰਾ ਇੰਸਪੈਕਟਰ ਕਰਮਜੀਤ ਸਿੰਘ ਦੀ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਲੁਧਿਆਣਾ ਅਤੇ ਹੈਲਪਰ ਜਗਰੂਪ ਸਿੰਘ ਨੂੰ ਰਮਦਾਸ ਵਿਖੇ ਭੇਜ ਦਿੱਤਾ ਗਿਆ ਹੈ। ਆਹਲੀ ਨੇ ਬੀਤੀ 15 ਸਤੰਬਰ ਨੂੰ ਵਾਪਰੀ ਘਟਨਾ ਲਈ ਅਫ਼ਸੋਸ ਵੀ ਜ਼ਾਹਿਰ ਕੀਤਾ ਹੈ।

# ਸੜਕੀ ਹਾਦਸੇ ਵਿੱਚ ਨੌਜਵਾਨ ਦੀ ਮੌਤ

ਮੁਕੇਰੀਆਂ, 28 ਸਤੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਮੁਕੇਰੀਆਂ-ਗੁਰਦਾਸਪੁਰ ਰੋਡ 'ਤੇ ਬਿਆਸ ਦਰਿਆ ਉਪਰ ਪੈਂਦੇ ਨੌਸ਼ਹਿਰਾ ਪੱਤਣ ਪੁਲ ਉਤੇ ਹੋਏ ਸੜਕ ਹਾਦਸੇ ਵਿੱਚ ਇੱਕ ਜਣੇ ਦੀ ਮੌਤ ਹੋ ਗਈ ਅਤੇ ਦੂਜਾ ਗੰਭੀਰ ਜ਼ਖਮੀ ਹੋ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਆਰੰਭ ਕਰ ਦਿੱਤੀ ਹੈ।




ਡਿਊਟੀ ਅਫਸਰ ਏ ਐਸ ਆਈ ਰਵਿੰਦਰ ਸਿੰਘ ਨੇ ਦੱਸਿਆ ਕਿ ਰਾਹੁਲ ਸਿੰਘ ਵਾਸੀ ਮੋਹਕਮਪੁਰਾ ਅਨੁਸਾਰ ਉਹ ਆਪਣੇ ਛੋਟੇ ਭਰਾ ਸਾਹਿਲ ਸਿੰਘ (19) ਨਾਲ ਘਰ ਜਾ ਰਿਹਾ ਸੀ। ਜਦੋਂ ਉਨ੍ਹਾਂ ਦਾ ਮੋਟਰ ਸਾਈਕਲ ਬਿਆਸ ਦਰਿਆ 'ਤੇ ਬਣੇ ਨੌਸ਼ਹਿਰਾ ਪੱਤਣ ਦੇ ਪੁਲ 'ਤੇ ਪੁੱਜਾ ਤਾਂ ਸਾਹਮਣੇ ਗੁਰਦਾ-ਸਪੁਰ ਸਾਈਡ ਤੋਂ ਆਈ ਕਾਰ ਨਾਲ ਉਨ੍ਹਾਂ ਦੀ ਟੱਕਰ ਹੋ ਗਈ। ਇਸ ਹਾਦਸੇ ਵਿੱਚ ਸਾਹਿਲ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਰਾਹੁਲ ਗੰਭੀਰ ਜ਼ਖਮੀ ਹੋ ਗਿਆ। ਪਤਾ ਲੱਗਣ 'ਤੇ ਪੁੱਜੀ ਪੁਲਸ ਨੇ ਜ਼ਖਮੀ ਨੂੰ ਸਿਵਲ ਹਸਪਤਾਲ ਦਾਖਲ ਕਰਵਾ ਦਿੱਤਾ ਹੈ।

# ਪਰਾਲੀ ਸਾੜਨ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ 8000 ਨੋਡਲ ਅਫਸਰ ਲਾਏ

ਚੰਡੀਗੜ੍ਹ, 28 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਸਾਉਣੀ ਸੀਜ਼ਨ ਵਿੱਚ ਪਰਾਲੀ ਸਾੜੇ ਜਾਣ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਹੇਠ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਝੋਨੇ ਪੈਦਾ ਕਰਨ ਵਾਲੇ ਪਿੰਡਾਂ ਲਈ 8000 ਨੋਡਲ ਅਫ਼ਸਰ ਨਿਯੁਕਤ ਕੀਤੇ ਹਨ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ 23,500 ਹੋਰ ਮਸ਼ੀਨਾਂ ਦਿੱਤੀਆਂ ਜਾ ਰਹੀਆਂ ਹਨ।



ਇਸ ਸੰਬੰਧ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਕਈ ਵਾਰ ਇਹ ਮੰਗ ਰੱਖੀ ਹੈ ਕਿ ਪਰਾਲੀ ਦਾ ਨਿਪਟਾਰਾ ਕਰਨ ਲਈ ਹੋਣ ਵਾਲੇ ਖ਼ਰਚੇ ਦੀ ਭਰਪਾਈ ਕੀਤੀ ਜਾਵੇ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਉਹ ਪਰਾਲੀ ਨੂੰ ਅੱਗ ਲਾਏ ਬਿਨਾਂ ਇਸ ਨੂੰ ਨਿਪਟਾ ਸਕਣ। ਪੰਜਾਬ ਸਰਕਾਰ ਦੇ ਨੋਡਲ ਅਫ਼ਸਰ 15 ਨਵੰਬਰ ਤੱਕ ਪਿੰਡਾਂ ਵਿੱਚ ਆਪਣੀ ਡਿਊਟੀ ਦੇਣਗੇ ਅਤੇ ਕੋਆਪਰੇਟਿਵ, ਮਾਲ, ਪੇਂਡੂ ਵਿਕਾਸ ਤੇ ਪੰਚਾਇਤ, ਖੇਤੀਬਾੜੀ, ਬਾਗ਼ਬਾਨੀ ਅਤੇ ਭੂਮੀ ਸੁਰੱਖਿਆ ਵਿਭਾਗਾਂ ਦੇ ਨਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਗਾਰਡੀਅਨਜ਼ ਆਫ਼ ਗਵਰਨੈਂਸ ਨਾਲ ਮਿਲ ਕੇ ਕੰਮ ਕਰਨਗੇ। ਮੋਬਾਈਲ ਐਪ ਨਾਲ ਲੈਸ ਇਹ ਅਫ਼ਸਰ ਜ਼ਮੀਨ ਠੇਕੇ ਉਤੇ ਦੇਣ ਵਾਲੇ ਲੋਕਾਂ ਦੀ ਸੂਚੀ ਵੀ ਬਣਾਉਣੇ ਅਤੇ ਹਰ ਜ਼ਮੀਨ ਮਾਲਕ ਨੂੰ ਫ਼ੋਨ ਉਤੇ ਸਾਵਧਾਨ ਕਰਨਗੇ ਕਿ ਜੇ ਉਸ ਨੇ ਪਰਾਲੀ ਨਾ ਸਾੜੇ ਜਾਣ ਨੂੰ ਯਕੀਨੀ ਬਣਾਉਣ ਲਈ ਕੋਈ ਕਦਮ ਨਾ ਚੁੱਕਿਆ ਤਾਂ ਉਸ ਦੇ ਮਾਲ ਰਿਕਾਰਡ ਵਿੱਚ ਰੈਡ ਐਂਟਰੀ ਨਾਲ ਇੰਦਰਾਜ ਕੀਤਾ ਜਾਵੇਗਾ।

# ਅਕਾਲੀ ਦਲ ਦਾ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਹੋ ਸਕਦੈ

ਚੰਡੀਗੜ੍ਹ, 28 ਸਤੰਬਰ (ਪੋਸਟ ਬਿਊਰੋ)- ਅਕਾਲੀ ਦਲ ਅਤੇ ਭਾਜਪਾ ਦਾ ਨਹੁੰ-ਮਾਸ ਦਾ ਰਿਸ਼ਤਾ (ਗਠਜੋੜ) ਟੁੱਟਣ ਤੋਂ ਬਾਅਦ ਪੰਜਾਬ ਦੇ ਸਿਆਸੀ ਸਮੀਕਰਨ ਬਦਲਣ ਲੱਗੇ ਹਨ। ਬਹੁਜਨ ਸਮਾਜ ਪਾਰਟੀ ਨੇ ਬਦਲੇ ਰਾਜਸੀ ਸਮੀਕਰਨਾਂ ਦੇ ਮੱਦੇਨਜ਼ਰ ਜਿੱਥੇ ਸੂਬਾਈ ਕਮੇਟੀ ਦੀ ਦੋ ਅਕਤੂਬਰ ਨੂੰ ਮੀਟਿੰਗ ਸੱਦੀ ਹੈ, ਉਥੇ ਕੱਲ੍ਹ ਬਸਪਾ ਮੁਖੀ ਕੁਮਾਰੀ ਮਾਇਆਵਤੀ ਨਾਲ ਮੌਜੂਦਾ ਸਿਆਸੀ ਘਟਨਾਕ੍ਰਮ ਬਾਰੇ ਵਿਸ਼ੇਸ਼ ਮੀਟਿੰਗ ਵੀ ਕੀਤੀ ਹੈ। ਜਾਣਕਾਰ ਸੂਤਰ ਦੱਸਦੇ ਹਨ ਕਿ ਅਕਾਲੀ ਦਲ ਵਿਧਾਨ ਸਭਾ ਚੋਣਾਂ ਦੀ ਵਿਊਂਤਬੰਦੀ ਹੇਠ ਬਹੁਜਨ ਸਮਾਜ ਪਾਰਟੀ ਨਾਲ ਸਿਆਸੀ ਸਾਂਝ ਪਾਉਣ ਦੀ ਰੌਂਅ ਵਿਚ ਹੈ। ਅਕਾਲੀ ਦਲ ਨੇ ਸਿਆਸੀ ਗਿਣਤੀਆਂ-ਮਿਣਤੀਆਂ ਕਰਨ ਤੋਂ ਬਾਅਦ ਹੀ ਭਾਜਪਾ ਨਾਲ ਪਿਛਲੇ ਢਾਈ ਦਹਾਕੇ ਤੋਂ ਚੱਲੇ ਆ ਰਹੇ ਗਠਜੋੜ ਨੂੰ ਤੋੜਿਆ ਹੈ। ਓਧਰ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਨੇ ਅਕਾਲੀ-ਭਾਜਪਾ ਗਠਜੋੜ ਟੁੱਟਣ ਪਿੱਛੋਂ ਸਿਆਸੀ ਅੰਗੜਾਈ ਲੈਣੀਂ ਸ਼ੁਰੂ ਕਰ ਦਿੱਤੀ ਹੈ।

# ਗਸ਼ਤ ਦੌਰਾਨ ਏ ਐਸ ਆਈ ਅਤੇ ਹੋਮਗਾਰਡ ਉਤੇ ਕੀਤਾ ਹਮਲਾ

ਪਠਾਨਕੋਟ, 28 ਸਤੰਬਰ (ਪੋਸਟ ਬਿਊਰੋ)- ਪਠਾਨਕੋਟ-ਅੰਮ੍ਰਿਤਸਰ ਹਾਈਵੇ ਉੱਤੇ ਪਿੰਡ ਪਰਮਾਨੰਦ ਵਿੱਚ ਕੱਲ੍ਹ ਗਸ਼ਤ ਕਰ ਰਹੇ ਏ ਐਸ ਆਈ ਅਤੇ ਹੋਮਗਾਰਡ ਜਵਾਨ 'ਤੇ ਕਰੀਬ ਇੱਕ ਦਰਜਨ ਨੌਜਵਾਨਾਂ ਨੇ ਦਾਤਰ, ਰਾਡ ਅਤੇ ਬੇਸਬਾਲ ਨਾਲ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ। ਉਹ ਉਨ੍ਹਾਂ ਦੀ ਸਰਵਿਸ ਰਾਈਫਲ ਲੈ ਕੇ ਫਰਾਰ ਹੋ ਗਏ। ਏ ਐਸ ਆਈ ਦਲੀਪ ਕੁਮਾਰ ਅਤੇ ਹੋਮਗਾਰਡ ਜਵਾਨ ਕਮਲ ਕਿਸ਼ੋਰ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ।



ਦਲੀਪ ਕੁਮਾਰ ਤੇ ਕਮਲ ਕਿਸ਼ੋਰ ਨੇ ਦੱਸਿਆ ਕਿ ਉਹ ਨਾਈਟ ਡਿਊਟੀ ਕਰ ਰਹੇ ਸਨ। ਪਰਮਾਨੰਦ ਦੇ ਨੇੜੇ ਇੱਕ ਢਾਬੇ ਦੇ ਬਾਹਰ ਮੋਟਰ ਸਾਈਕਲ ਅਤੇ ਡਿਜ਼ਾਇਰ ਕਾਰ 'ਤੇ ਕਰੀਬ 11 ਨੌਜਵਾਨ ਖੜਹੇ ਸਨ। ਉਕਤ ਨੌਜਵਾਨਾਂ ਤੋਂ ਜਦੋਂ ਉਥੇ ਖੜ੍ਹੇ ਹੋਣ ਦਾ ਕਾਰਨ ਪੁੱਛਿਆ ਤਾਂ ਉਹ ਭੜਕ ਗਏ ਅਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਵਰਦੀ ਪਾੜ ਦਿੱਤੀ। ਜ਼ਖਮੀ ਹੋਮਗਾਰਡ ਨੇ ਦੱਸਿਆ ਕਿ ਹਮਲਾਵਰਾਂ ਵੱਲੋਂ ਉਨ੍ਹਾਂ ਦੀ ਸਰਵਿਸ ਰਾਈਫਲ ਖੋਹ ਲਈ ਗਈ ਤੇ ਫਰਾਰ ਹੋ ਗਏ। ਇਸ ਘਟਨਾ ਦੀ ਜਾਣਕਾਰੀ ਜਦੋਂ ਜ਼ਿਲ੍ਹਾ ਪੁਲਸ ਨੂੰ ਲੱਗੀ ਤਾਂ ਤੁਰੰਤ ਥਾਣਾ ਤਾਰਾਗੜ੍ਹ ਦੀ ਪੁਲਸ ਘਟਨਾ ਵਾਲੀ ਥਾਂ 'ਤੇ ਪਹੁੰਚ ਗਈ। ਪੁਲਸ ਨੇ ਸਾਰੇ ਦੋਸ਼ੀਆਂ ਦੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਨੂੰ ਕਾਬੂ ਕਰਨ ਦੇ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਥਾਣਾ ਤਾਰਾਗੜ੍ਹ ਦੇ ਇੰਚਾਰਜ ਸੁਰਿੰਦਰ ਪਾਲ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਅਰੁਣ, ਰਜਤ, ਸੋਨੂੰ, ਰਮਣੀਕ ਵਾਸੀ ਡਾਕਲਾਹੜਾ, ਬੰਟੀ ਵਾਸੀ ਸ਼ਾਦੀਪੁਰ, ਸੁਖਪਾਲ ਸਿੰਘ ਫੇਰੂਵਾਲ ਅਤੇ ਅਣਪਛਾਤਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਸਾਰੇ ਦੋਸ਼ੀ ਫਰਾਰ ਦੱਸੇ ਜਾ ਰਹੇ ਹਨ। ਉਨ੍ਹਾਂ ਨੂੰ ਕਾਬੂ ਕਰਨ ਦੇ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਥਾਣਾ ਇੰਚਾਰਜ ਸੁਰਿੰਦਰ ਪਾਲ ਨੇ ਕਿਹਾ ਕਿ ਜਵਾਨ ਕਮਲ ਕਿਸ਼ੋਰ ਦੇ ਸਿਰ 'ਤੇ ਦਾਤਰ ਲੱਗਣ ਨਾਲ ਉਹ ਰਾਤ ਬੇਹੋਸ਼ੀ ਦੀ ਹਾਲਤ ਵਿੱਚ ਆ ਗਏ ਸਨ ਤੇ ਉਨ੍ਹਾਂ ਨੂੰ ਲੱਗਾ ਸੀ ਕਿ ਸ਼ਾਇਦ ਹਮਲਾਵਰ ਉਨ੍ਹਾਂ ਦੀ ਰਾਈਫਲ ਖੋਹ ਕੇ ਲੈ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਹ ਰਾਈਫਲ ਇਨ੍ਹਾਂ ਦੀ ਗਸ਼ਤ ਕਰ ਰਹੀ ਗੱਡੀ ਵਿੱਚ ਪਈ ਹੋਈ ਸੀ ਅਤੇ ਹਮਲਾਵਰ ਉਸ ਨੂੰ ਲੈ ਕੇ ਫਰਾਰ ਨਹੀ ਹੋਏ ਸਨ।

ਵਿਦੇਸ਼ੀ ਚਾਵਾਂ ਨਾਲ ਠੱਗੀ :

# ਪੜ੍ਹਾਈ ਲਈ ਵਿਦੇਸ਼ ਭੇਜਣ ਦੇ ਨਾਂਅ ਉਤੇ 12 ਲੱਖ ਹੜੱਪੇ

ਮੋਗਾ, 28 ਸਤੰਬਰ (ਪੋਸਟ ਬਿਊਰੋ)- ਪੜ੍ਹਾਈ ਲਈ ਵਿਦੇਸ਼ ਭੇਜਣ ਦੇ ਨਾਂਅ ਉੱਤੇ 12 ਲੱਖ ਰੁਪਏ ਦੀ ਠੱਗੀ ਦੇ ਦੋਸ਼ ਵਿੱਚ ਇਮੀਗਰੇਸ਼ਨ ਸੈਂਟਰ ਨੂੰ ਸੀਲ ਕਰਨ ਅਤੇ ਉਸ ਦਾ ਲਾਇਸੈਂਸ ਰੱਦ ਕਰਨ ਦਾ ਕੇਸ ਪਤਾ ਲੱਗਾ ਹੈ।

ਮੋਗਾ ਵਿੱਚ ਪੁਲਸ ਦੇ ਇੱਕ ਏ ਐਸ ਆਈ ਨਾਲ ਮਿਲ ਕੇ ਮੋਗੇ ਸਮੇਤ ਹੋਰਨਾਂ ਜ਼ਿਲ੍ਹਿਆਂ ਵਿੱਚ ਇਮੀਗਰੇਸ਼ਨ ਸੈਂਟਰ ਚਲਾ ਰਹੀ ਇਕ ਲੜਕੀ ਨੇ ਡੀ ਸੀ ਦਫਤਰ ਦੇ ਰੈਵੇਨਿਊ ਵਿਭਾਗ ਵਿੱਚ ਸੁਪਰਡੈਂਟ ਤੋਂ 12 ਲੱਖ ਰੁਪਏ ਉਸ ਦੇ ਬੇਟੇ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗ ਲਏ ਹਨ। ਇਸ ਬਾਰੇ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਸ਼ਿਕਾਇਤ ਮਿਲਣ 'ਤੇ ਇਮੀਗਰੇਸ਼ਨ ਸੈਂਟਰ ਦੀ ਸੰਚਾਲਿਕਾ ਨੂੰ ਆਪਣਾ ਪੱਖ ਰੱਖਣ ਲਈ 7 ਦਿਨ ਸਮਾਂ ਦਿੱਤਾ, ਪਰ ਜਦ ਉਹ ਜਾਂਚ ਵਿੱਚ ਪੇਸ਼ ਨਹੀਂ ਹੋਈ ਤਾਂ ਡੀ ਸੀ ਨੇ ਸਬੰਧਤ ਇਮੀਗਰੇਸ਼ਨ ਸੈਂਟਰ ਦਾ ਲਾਇਸੈਂਸ ਰੱਦ ਕਰਨ ਦੇ ਨਾਲ ਤਹਿਸੀਲਦਾਰ ਨੂੰ ਓਥੇ ਭੇਜ ਕੇ ਮੋਗਾ ਦੇ ਉਕਤ ਸੈਂਟਰ ਦੇ ਦਫਤਰ ਨੂੰ ਸੀਲ ਵੀ ਕਰਵਾ ਦਿੱਤਾ ਅਤੇ ਨਾਲ ਮੋਹਾਲੀ ਅਤੇ ਹੋਰਨਾਂ ਜ਼ਿਲ੍ਹਿਆਂ ਵਿੱਚ ਸਥਿਤ ਸੈਂਟਰ ਦੀਆਂ ਬ੍ਰਾਂਚਾਂ ਨੂੰ ਦੇਖਦੇ ਹੋਏ ਸਬੰਧਤ ਜ਼ਿਲ੍ਹਿਆਂ ਦੇ ਡੀ ਸੀ ਨੂੰ ਪੱਤਰ ਲਿਖ ਕੇ ਸੈਂਟਰ ਬੰਦ ਕਰਨ ਲਈ ਕਿਹਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਦੇ ਰੈਵੇਨਿਊ ਵਿਭਾਗ ਵਿੱਚ ਤੈਨਾਤ ਸੁਪਰਡੈਂਟ ਜਸਕਰਨ ਸਿੰਘ ਨੇ ਆਪਣੇ ਬੇਟੇ ਜਗਨਦੀਪ ਸਿੰਘ ਨੂੰ ਉਚ ਸਿੱਖਿਆ ਲਈ ਵਿਦੇਸ਼ ਭੇਜਣ ਦੇ ਲਈ ਇੱਕ ਏ ਐਸ ਆਈ ਦੇ ਜ਼ਰੀਏ ਚੱਕੀ ਵਾਲੀ ਗਲੀ ਵਿਚਲੇ ਇਮੀਗਰੇਸ਼ਨ ਸੈਂਟਰ ਐਡਵਾਂਸ ਆਈਲੈਟਸ ਇੰਸਟੀਚਿਊਟ ਦੀ ਸੰਚਾਲਕਾ ਕਿਰਨਦੀਪ ਕੌਰ ਅਤੇ ਉਸ ਦੇ ਪਾਰਟਨਰ ਏ ਐਸ ਆਈ ਜਸਵਿੰਦਰ ਸਿੰਘ ਨਾਲ ਕਰੀਬ ਪੌਣੇ ਦੋ ਸਾਲ ਪਹਿਲਾਂ ਗੱਲਬਾਤ ਕੀਤੀ ਸੀ। ਡੀ ਸੀ ਨੂੰ ਸੌਂਪੀ ਸ਼ਿਕਾਇਤ ਵਿੱਚ ਸੁਪਰਡੈਂਟ ਜਸਕਰਨ ਸਿੰਘ ਨੇ ਦੱਸਿਆ ਕਿ ਉਸ ਨੇ 12 ਲੱਖ ਰੁਪਏ ਉਸ ਇਮੀਗਰੇਸ਼ਨ ਸੈਂਟਰ ਦੀ ਸੰਚਾਲਿਕਾ ਕਿਰਨਦੀਪ ਕੌਰ ਦੇ ਬੈਂਕ ਖਾਤੇ ਵਿੱਚ ਜਮਾ ਕਰਾਏ ਸਨ। ਫਿਰ ਇਮੀਗਰੇਸ਼ਨ ਸੈਂਟਰ ਵਿਚ ਜਗਨਦੀਪ ਸਿੰਘ ਜਦ ਜਾਂਦਾ ਤਾਂ ਇਮੀਗਰੇਸ਼ਨ ਸੰਚਾਲਕਾ ਅਤੇ ਏ ਐਸ ਆਈ ਬਹਾਨਾ ਬਣਾ ਕੇ ਉਸ ਨੂੰ ਟਾਲ ਦਿੰਦੇ ਸਨ। ਸੁਪਰਡੈਂਟ ਨੇ ਇਸ ਮਾਮਲੇ ਦੀ ਸ਼ਿਕਾਇਤ ਡੀ ਸੀ ਨੂੰ ਲਿਖਤੀ ਵਿੱਚ ਦਿੱਤੀ ਹੈ। ਡੀ ਸੀ ਨੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਤਾਂ ਇਮੀਗਰੇਸ਼ਨ ਸੈਂਟਰ ਦੀ ਸੰਚਾਲਕਾ ਦੇ ਖਿਲਾਫ ਸ਼ਿਕਾਇਤ ਵਿੱਚ ਲੱਗੇ ਦੋਸ਼ ਸਹੀ ਸਾਬਤ ਹੋਏ। ਸੈਂਟਰ ਵਿੱਚ ਤੈਨਾਤ ਟ੍ਰੇਨਰਾਂ ਨੇ ਡੀ ਸੀ ਨੂੰ ਅਲੱਗ ਤੋਂ ਸ਼ਿਕਾਇਤ ਦੇ ਕੇ ਦੋਸ਼ ਲਗਾਏ ਸਨ ਕਿ ਸੈਂਟਰ ਸੰਚਾਲਕਾ ਉਨ੍ਹਾਂ ਦੀ ਚਾਰ-ਚਾਰ ਮਹੀਨੇ ਦੀ ਤਨਖਾਹ ਨਹੀਂ ਦੇ ਰਹੀ। ਇਸ 'ਤੇ ਡੀ ਸੀ ਨੇ ਸੈਂਟਰ ਸੰਚਾਲਕਾ ਨੂੰ ਆਪਣਾ ਪੱਖ ਰੱਖਣ ਦੇ ਲਈ 7 ਦਿਨ ਦਾ ਸਮਾਂ ਦਿੱਤਾ ਸੀ।

# ਫੇਸ਼ੀਅਲ ਵੈਰੀਫਿਕੇਸ਼ਨ ਜਿਹੀ ਤਕਨੀਕ ਨਾਲ ਆਪਣੇ ਨਾਗਰਿਕਾਂ ਨੂੰ ਨਵੀਂ ਪਛਾਣਨ ਵਾਲਾ ਪਹਿਲਾ ਦੇਸ਼ ਸਿੰਗਾਪੁਰ ਹੋਵੇਗਾ

ਸਿੰਗਾਪੁਰ, 28 ਸਤੰਬਰ (ਪੋਸਟ ਬਿਊਰੋ)- ਸਿੰਗਾਪੁਰ ਫੇਸ਼ੀਅਲ ਵੈਰੀਫਿਕੇਸ਼ਨ (ਅਸਲ ਚੇਹਰੇ ਦੀ ਮਾਨਤਾ) ਨਾਲ ਆਪਣੇ ਨਾਗਰਿਕਾਂ ਦੀ ਪਛਾਣ ਕਰਨ ਵਾਲਾ ਦੁਨੀਆ ਦਾ ਪਹਿਲਾ ਦੇਸ਼ ਹੋਵੇਗਾ।

ਇਸ ਬਾਰੇ ਸਿੰਗਾਪੁਰ ਨੈਸ਼ਨਲ ਆਈਡੈਂਟਿਟੀ ਸਕੀਮ ਦੇ ਤਹਿਤ ਇਸ ਨੂੰ ਅਪਣਾਉਣ ਜਾ ਰਿਹਾ ਹੈ। ਸਰਕਾਰ ਨੇ ਇਸ ਦਾ ਐਲਾਨ ਕਰ ਦਿੱਤਾ ਹੈ ਅਤੇ ਇਸ ਨੂੰ ਬ੍ਰਿਟੇਨ ਦੀ ਕੰਪਨੀ ਆਈ ਪਰੂਵ ਨੇ ਡਿਜ਼ਾਈਨ ਕੀਤਾ ਹੈ। ਆਈਪਰੂਵ ਦੇ ਮੋਢੀ ਅਤੇ ਚੀਫ ਐਗਜੀਕਿਊਟਿਵ ਐਂਡਰਿਊ ਬੱਡ ਨੇ ਕਿਹਾ ਕਿ ਇਸ ਦਾ ਇਸਤੇਮਾਲ ਸਿੰਗਾਪੁਰ ਦੇ ਲੋਕ ਨਿੱਜੀ ਅਤੇ ਸਰਕਾਰੀ ਸੇਵਾਵਾਂ ਲੈਣ ਲਈ ਕਰ ਸਕਣਗੇ। ਇਹ ਦੇਸ਼ ਦੀ ਡਿਜੀਟਲ ਅਰਥ ਵਿਵਸਥਾ ਦਾ ਆਧਾਰ ਹੋਵੇਗਾ। ਇਸ ਨੂੰ ਬੈਂਕਿੰਗ ਸੇਵਾ ਨਾਲ ਜੋੜਿਆ ਗਿਆ ਹੈ। ਇਹ ਸਿਰਫ ਕਿਸੇ ਵਿਅਕਤੀ ਦੀ ਪਛਾਣ ਨਹੀਂ ਕਰਦਾ ਬਲਕਿ



ਇਹ ਨਿਸ਼ਚਿਤ ਕਰਦਾ ਹੈ ਕਿ ਉਹ ਅਸਲ ਵਿੱਚ ਉਥੇ ਮੌਜੂਦ ਹੈ।

ਇਹ ਪਹਿਲੀ ਵਾਰ ਹੈ ਕਿ ਕਲਾਊਡ ਆਧਾਰਤ ਵੈਰੀਫਿਕੇਸ਼ਨ ਦਾ ਇਸਤੇਮਾਲ ਲੋਕਾਂ ਦੀ ਪਛਾਣ ਦੇ ਲਈ ਨੈਸ਼ਨਲ ਡਿਜੀਟਲ ਆਈਡੈਂਟਿਟੀ ਸਕੀਮ ਵਿੱਚ ਕੀਤਾ ਜਾਣਾ ਹੈ। ਫੇਸ਼ੀਅਲ ਮਾਨਤਾ ਅਤੇ ਤਸਦੀਕ ਦੋਵੇਂ ਇਸ ਗੱਲ ’ਤੇ ਨਿਰਭਰ ਕਰਦੇ ਹਨ ਕਿ ਜਿਸ ਚਿਹਰੇ ਦੀ ਸਕੈਨਿੰਗ ਕੀਤੀ ਜਾ ਰਹੀ ਹੈ, ਉਹ ਡੈਟਾ ਬੇਸ ਵਿੱਚ ਪਹਿਲਾਂ ਤੋਂ ਮੌਜੂਦ ਤਸਵੀਰ ਦੇ ਨਾਲ ਮੈਚ ਕਰਦਾ ਹੈ ਕਿ ਨਹੀਂ। ਦੋਵਾਂ ਦਾ ਮੁੱਖ ਅੰਤਰ ਇਹ ਹੈ ਕਿ ਵੈਰੀਫਿਕੇਸ਼ਨ ਦੇ ਲਈ ਯੂਜਰ ਦੀ ਸਹਿਮਤੀ ਜ਼ਰੂਰੀ ਹੈ। ਉਸ ਦੇ ਬਾਅਦ ਉਹ ਕਿਸੇ ਸੇਵਾ ਦਾ ਇਸਤੇਮਾਲ ਕਰ ਸਕਦੇ ਹਨ, ਜਿਵੇਂ ਫੋਨ ਖੋਲ੍ਹਣ ਦੇ ਲਈ ਜਾਂ ਸਮਾਰਟਫੋਨ ’ਤੇ ਬੈਂਕਿੰਗ ਦੇ ਐਪ ਦੇ ਲਈ। ਫੇਸ਼ੀਅਲ ਮਾਨਤਾ ਦਾ ਇਸਤੇਮਾਲ ਜ਼ਿਆਦਾਤਰ ਜਨਤਕ ਥਾਵਾਂ ’ਤੇ ਅਪਰਾਧੀ ਨੂੰ ਪਛਾਨਣ ਵਿੱਚ ਕੀਤਾ ਜਾਂਦਾ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਦੋਵਾਂ ਹਾਲਾਤਾਂ ਵਿੱਚ ਸਹਿਮਤੀ ’ਤੇ ਧਿਆਨ ਨਹੀਂ ਦਿੱਤਾ ਜਾਂਦਾ। ਲੰਡਨ ਦੇ ਪ੍ਰਾਈਵੇਸੀ ਇੰਟਰਨੈਸ਼ਨਲ ਦੇ ਕਾਨੂੰਨੀ ਅਧਿਕਾਰੀ ਆਈਓਨਿਸ ਕੁਆਵਾਕਾਸ ਕਹਿੰਦੇ ਹਨ, ‘ਸਹਿਮਤੀ ਦਾ ਹੋਰ ਕੋਈ ਅਰਥ ਨਹੀਂ ਰਹਿ ਜਾਂਦਾ, ਜਿੱਥੇ ਡੈਟੇ ’ਤੇ ਕੰਟਰੋਲ ਰੱਖਣ ਵਾਲਿਆਂ ਵਿੱਚ ਅਸੰਤੁਲਨ ਹੈ। ਸਰਕਾਰ ਅਤੇ ਨਾਗਰਿਕਾਂ ਦੇ ਸਬੰਧ ਵਿਚਾਲੇ ਅਜਿਹਾ ਦੇਖਿਆ ਗਿਆ ਹੈ।’

# ਅਫਗਾਨਿਸਤਾਨ ਵਿਚ ਸਿੱਖਾਂ-ਹਿੰਦੂਆਂ ਦੀ ਆਬਾਦੀ ਢਾਈ ਲੱਖ ਤੋਂ ਘੱਟ ਕੇ 700 ਰਹਿ ਗਈ



ਕਾਬੁਲ, 28 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਰਹਿੰਦੇ ਘੱਟ ਗਿਣਤੀ ਸਿੱਖ ਅਤੇ ਹਿੰਦੂ ਭਾਈਚਾਰਿਆਂ ਦੀ ਆਬਾਦੀ ਤੇਜ਼ੀ ਨਾਲ ਘੱਟ ਹੋ ਰਹੀ ਹੈ। ਕਦੇ ਢਾਈ ਲੱਖ ਦੀ ਗਿਣਤੀ ਵਿਚ ਇਨ੍ਹਾਂ ਭਾਈਚਾਰਿਆਂ ਦੀ ਆਬਾਦੀ ਘੱਟ ਕੇ ਸਿਰਫ ਸੱਤ ਸੌ ਰਹਿ ਗਈ ਹੈ। ਇਹ ਖਾਸ ਤੌਰ ਉਤੇ ਅੱਤਵਾਦੀ ਜਮਾਤ ਇਸਲਾਮਿਕ ਸਟੇਟ (ਆਈ ਐਸ) ਦੀਆਂ ਧਮਕੀਆਂ ਕਾਰਨ ਹੋ ਰਿਹਾ ਹੈ। ਲੋਕ ਆਪਣਾ ਜਨਮ ਸਥਾਨ ਛੱਡ ਕੇ ਦੇਸ਼ ਤੋਂ ਬਾਹਰ ਜਾ ਰਹੇ ਹਨ।

ਅਸਲ ਵਿੱਚ ਅਫਗਾਨਿਸਤਾਨ ’ਚ ਘੱਟ ਗਿਣਤੀਆਂ ਦੀ ਹਿਜਰਤ ਪਿਛਲੇ ਕਈ ਸਾਲਾਂ ’ਚ ਤੇਜ਼ ਹੋਈ ਹੈ। ਇਸ ਦਾ ਮੁੱਖ ਕਾਰਨ ਮੁਸਲਮ ਬਹੁਲਤਾ ਵਾਲੇ ਦੇਸ਼ ਵਿੱਚ ਉਨ੍ਹਾਂ ਨਾਲ ਹੋਣ ਵਾਲਾ ਵਿਤਕਰਾ ਹੈ। ਘੱਟ ਗਿਣਤੀਆਂ ਖਾਸ ਤੌਰ ’ਤੇ ਸਿੱਖਾਂ ਅਤੇ ਹਿੰਦੂਆਂ ਨੂੰ ਹਰ ਪੱਧਰ ’ਤੇ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਸਰਕਾਰ ਵੱਲੋਂ ਕੋਈ ਮਦਦ ਨਹੀਂ ਮਿਲਦੀ। ਹਾਲਾਤ ਤਦ ਹੋਰ ਬਦਤਰ ਹੋ ਗਏ ਜਦੋਂ ਬੀਤੇ ਕੁਝ ਸਾਲਾਂ ਵਿੱਚ ਉਥੇ ਅੱਤਵਾਦੀ ਜਮਾਤ ਆਈ ਐਸ ਦਾ ਪ੍ਰਭਾਵ ਵਧਿਆ। ਸੁੰਨੀ ਮੁਸਲਮਾਨਾਂ ਦੇ ਸੰਗਠਨ ਆਈ ਐਸ ਦੇ ਨਿਸ਼ਾਨੇ ’ਤੇ ਹਰ ਥਾਂ ਗੈਰ ਮੁਸਲਿਮ ਰਹਿੰਦੇ ਹਨ। ਘੱਟ ਗਿਣਤੀ ਦੇ ਲੋਕਾਂ ਦਾ ਕਹਿਣਾ ਹੈ ਕਿ ਜੋ ਹਾਲਾਤ ਹਨ ਉਨ੍ਹਾਂ ਵਿੱਚ ਅਸੀਂ ਜ਼ਿਆਦਾ ਦਿਨਾਂ ਤੱਕ ਅਫਗਾਨਿਸਤਾਨ ਵਿੱਚ ਨਹੀਂ ਰਹਿ ਸਕਦੇ। ਮਾਰਚ ਵਿੱਚ ਗੁਰਦੁਆਰੇ ’ਤੇ ਆਈ ਐਸ ਵਾਲਿਆਂ ਨੇ ਹਮਲਾ ਕਰ ਕੇ ਜਦੋਂ 25 ਸਿੱਖ ਮਾਰੇ ਸਨ, ਉਨ੍ਹਾਂ ਵਿੱਚੋਂ ਸੱਤ ਜਣੇ ਇਹ ਗੱਲ ਕਹਿਣ ਵਾਲੇ ਵਿਅਕਤੀ ਦੇ ਰਿਸ਼ਤੇਦਾਰ ਸਨ। ਉਨ੍ਹਾਂ ਦੱਸਿਆ ਕਿ ਧਮਕੀਆਂ ਕਾਰਨ ਉਹ ਆਪਣਾ ਜਨਮ ਸਥਾਨ ਛੱਡ ਕੇ ਭਾਰਤ ਆ ਗਏ ਹਨ। ਘਰ ਵਿੱਚ ਇਕੱਲੀ ਮਾਂ ਰਹਿ ਗਈ ਹੈ ਜਿਸ ਦੀ ਚਿੰਤਾ ਲੱਗੀ ਹੋਈ ਹੈ। ਉਹ ਅਫਗਾਨਿਸਤਾਨ ਤੋਂ ਆਏ ਸਿੱਖਾਂ ਅਤੇ ਹਿੰਦੂਆਂ ਦੇ ਜਥੇ ਦੇ ਨਾਲ ਆਏ ਹਨ, ਜੋ ਉਨ੍ਹਾਂ ਦੀ ਤਰ੍ਹਾਂ ਭੈਅ ਭੀਤ ਹਨ।

ਸਿੱਖ ਤੇ ਹਿੰਦੂ ਅਲੱਗ ਧਰਮਾਂ ਨੂੰ ਮੰਨਣ ਵਾਲੇ ਭਾਈਚਾਰੇ ਹਨ। ਉਨ੍ਹਾਂ ਦਾ ਪੂਜਾ ਅਸਥਾਨ ਅਤੇ ਧਰਮ ਗ੍ਰੰਥ ਅਲੱਗ ਹਨ, ਪਰ ਅਫਗਾਨਿਸਤਾਨ ਵਿੱਚ ਉਹ ਆਪਣੇ ਮੰਦਰ ਅਤੇ ਗੁਰਦੁਆਰੇ ਸਾਂਝੇ ਕਰਦੇ ਹਨ। ਇਕੱਠੇ ਉਠਦੇ ਬੈਠਦੇ ਅਤੇ ਪੂਜਾ ਕਰਦੇ ਹਨ। ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਨਾਲ ਹੁੰਦੇ ਹਨ। ਚੁਣੌਤੀ ਪੂਰਨ ਹਾਲਾਤ ਨੇ ਉਨ੍ਹਾਂ ਵਿਚਕਾਰ ਭੇਦ ਭਾਵ ਖਤਮ ਕਰ ਦਿੱਤੇ ਹਨ। ਦਹਾਕਿਆਂ ਤੋਂ ਭੇਦ ਭਾਵ ਝੱਲ ਰਹੇ ਇਨ੍ਹਾਂ ਭਾਈਚਾਰਿਆਂ ਨੂੰ ਕਿਸੇ ਸਰਕਾਰ ਤੋਂ ਸਹਾਇਤਾ ਨਹੀਂ ਮਿਲਦੀ। ਕੋਈ ਵੀ ਸਰਕਾਰ ਅਤੇ ਉਨ੍ਹਾਂ ਦਾ ਸਰਕਾਰੀ ਅਮਲਾ ਇਨ੍ਹਾਂ ਘੱਟ ਗਿਣਤੀਆਂ ਦੀਆਂ ਮੁਸ਼ਕਲਾਂ ਨਹੀਂ ਸੁਣਦਾ। ਇਸੇ ਦਾ ਨਤੀਜਾ ਹੈ ਕਿ ਹੁਣ ਇਥੋਂ ਵੱਡੇ ਪੈਮਾਨੇ ’ਤੇ ਹਿਜਰਤ ਹੋ ਰਹੀ ਹੈ।

# ਪਾਕਿ ਵਿੱਚ ਰਾਜ ਕਪੂਰ ਅਤੇ ਦਿਲੀਪ ਕੁਮਾਰ ਦੇ ਘਰਾਂ ਦੀ ਸੰਭਾਲ ਹੋਵੇਗੀ



ਪਿਸ਼ਾਵਰ, 28 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਦੀ ਸੂਬਾ ਸਰਕਾਰ ਨੇ ਬਾਲੀਵੁੱਡ ਦੇ ਮਹਾਨ ਅਦਾਕਾਰਾਂ ਰਾਜ ਕਪੂਰ ਤੇ ਦਿਲੀਪ ਕੁਮਾਰ ਦੇ ਜੱਦੀ ਘਰਾਂ ਨੂੰ ਖਰੀਦਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਇਸ ਸਮੇਂ ਇਨ੍ਹਾਂ ਘਰਾਂ ਦੀ ਹਾਲਤ ਕਾਫੀ ਮਾੜੀ ਹੈ ਤੇ ਇਨ੍ਹਾਂ ਨੂੰ ਕਿਸੇ ਵੇਲੇ ਵੀ ਢਾਹਿਆ ਜਾ ਸਕਦਾ ਹੈ। ਰਾਜ ਸਰਕਾਰ ਵੱਲੋਂ ਖਰੀਦ ਕਰਨ ਮਗਰੋਂ ਇਨ੍ਹਾਂ ਘਰਾਂ ਦੀ ਇਤਿਹਾਸਕ ਇਮਾਰਤਾਂ ਵਜੋਂ ਸਾਂਭ ਸੰਭਾਲ ਕੀਤੀ ਜਾਵੇਗੀ। ਇੱਕ ਸਰਕਾਰੀ ਅਫਸਰ ਨੇ ਇਸ ਬਾਰੇ ਕਿਹਾ ਕਿ ਪੁਰਾਤੱਤਵ ਵਿਭਾਗ ਨੇ ਖੈਬਰ ਪਖਤੂਨਖਵਾ ਸੂਬੇ ਵਿੱਚ ਇਨ੍ਹਾਂ ਦੋ ਇਮਾਰਤਾਂ ਦੀ ਖਰੀਦ ਲਈ ਯੋਗ ਫੰਡ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੋਵੇਂ ਇਮਾਰਤਾਂ ਪਿਸ਼ਾਵਰ ਸ਼ਹਿਰ ਦੇ ਐਨ ਵਿਚਾਲੇ ਪੈਂਦੀਆਂ ਹਨ ਤੇ ਇਨ੍ਹਾਂ ਨੂੰ ਕੌਮੀ ਵਿਰਾਸਤ ਐਲਾਨਿਆ ਗਿਆ ਹੈ। ਇਨ੍ਹਾਂ ਇਤਿਹਾਸਕ ਇਮਾਰਤਾਂ ਦੀ ਅਸਲ ਕੀਮਤ ਦਾ ਪਤਾ ਲਾਉਣ ਲਈ ਪਿਸ਼ਾਵਰ ਦੇ ਡਿਪਟੀ ਕਮਿਸ਼ਨਰ ਨੂੰ ਸਰਕਾਰੀ ਪੱਤਰ ਭੇਜ ਦਿੱਤਾ ਗਿਆ ਹੈ।

ਪੁਰੱਤਾਤਵ ਵਿਭਾਗ ਦੇ ਮੁਖੀ ਡਾ: ਅਬਦੁਸ ਸਮਦ ਖਾਨ ਨੇ ਕਿਹਾ ਕਿ ਭਾਰਤੀ ਸਿਨੇਮਾ ਦੇ ਦੋ ਮਹਾਨ ਅਦਾਕਾਰ ਦੇਸ਼ ਦੀ ਵੰਡ ਤੋਂ ਪਹਿਲਾਂ ਇਨ੍ਹਾਂ ਘਰਾਂ 'ਚ ਜੰਮੇ ਪਲੇ ਸਨ। ਕਪੂਰ ਹਵੇਲੀ ਦੇ ਨਾਂਅ ਨਾਲ ਮਸ਼ਹੂਰ ਰਾਜ ਕਪੂਰ ਦਾ ਜੱਦੀ ਘਰ ਕਿੱਸਾ ਖਵਾਨੀ ਬਾਜ਼ਾਰ ਵਿੱਚ ਹੈ ਅਤੇ ਇਸ ਦੀ ਉਸਾਰੀ ਸਾਲ 1918 ਤੋਂ 1922 ਦੌਰਾਨ ਰਾਜ ਕਪੂਰ ਦੇ ਦਾਦਾ ਦੀਵਾਰ ਬਸ਼ੇਸ਼ਵਰਨਾਥ ਕਪੂਰ ਨੇ ਕਰਵਾਈ ਸੀ। ਉੱਘੇ ਅਦਾਕਾਰ ਦਲੀਪ ਕੁਮਾਰ ਦਾ ਇੱਕ ਸਦੀ ਪੁਰ-ਾਣਾ ਜੱਦੀ ਘਰ ਵੀ ਇਸੇ ਇਲਾਕੇ ਵਿੱਚ ਹੈ। ਨਵਾਜ਼ ਸ਼ਰੀਫ ਸਰਕਾਰ ਨੇ ਸਾਲ 2014 ਵਿੱਚ ਇਸ ਨੂੰ ਕੌਮੀ ਵਿਰਾਸਤ ਐਲਾਨ ਦਿੱਤਾ ਸੀ।

# ਅਮਰੀਕਾ ਦੇ 56 ਫੀਸਦੀ ਲੋਕਾਂ ਮੁਤਾਬਕ ਚੋਣਾਂ ਦੇ ਬਾਅਦ ਹੀ ਜੱਜ ਨਿਯੁਕਤ ਹੋਣਾ ਚਾਹੀਦੈ

ਅਮਰੀਕਾ, 28 ਸਤੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸੁਪਰੀਮ ਕੋਰਟ ਦੀ ਨਵੀਂ ਨਿਯੁਕਤ ਜੱਜ ਜਸਟਿਸ ਐਮੀ ਕੋਨੇ ਬੈਰੇਟ ਦੀ ਨਿਯੁਕਤੀ 'ਤੇ ਵਿਵਾਦ ਜਾਰੀ ਹੈ।

ਨਿਊ ਯਾਰਕ ਟਾਈਮਜ਼ ਅਤੇ ਸਾਈਨਾ ਕਾਲਜ ਵੱਲੋਂ ਕੀਤੇ ਸਰਵੇ ਵਿੱਚ ਸ਼ਾਮਲ 56 ਫੀਸਦੀ ਅਮਰੀਕੀ ਲੋਕਾਂ ਦਾ ਮੰਨਣਾ ਹੈ ਕਿ ਚੋਣਾਂ ਪਿੱਛੋਂ ਨਵੀਂ ਸਰਕਾਰ ਨੂੰ ਨਵੇਂ ਜੱਜ ਦੀ ਨਿਯੁਕਤੀ ਕਰਨੀ ਚਾਹੀਦੀ ਹੈ, ਪਰ 41 ਫੀਸਦੀ ਨੇ ਕਿਹਾ ਕਿ ਟਰੰਪ ਵੱਲੋਂ ਨਵੇਂ ਜੱਜ ਦੀ ਨਿਯੁਕਤੀ ਸਹੀ ਹੈ। ਸਰਵੇ ਵਿੱਚ 50 ਫੀਸਦੀ ਵੋਟਰਾਂ ਨੇ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਅ ਬਿਡੇਨ ਨਵੇਂ ਜੱਜ ਦੀ ਚੋਣ ਕਰਨ ਲਈ ਵੱਧ ਯੋਗ ਨੇਤਾ ਹਨ। ਟਰੰਪ ਨੂੰ 43 ਫੀਸਦੀ ਲੋਕਾਂ ਨੇ ਯੋਗ ਦੱਸਿਆ ਹੈ ਅਤੇ ਇਸ ਬਾਰੇ ਵਿਵਾਦ ਜਾਰੀ ਹੈ।

ਸੁਪਰੀਮ ਕੋਰਟ ਦੀ ਜੱਜ ਜਸਟਿਸ ਰੂਥ ਗ੍ਰਿੰਸਬਰਗ ਦਾ ਪਿਛਲੇ ਹਫਤੇ ਦਿਹਾਂਤ ਹੋਣ ਪਿੱਛੋਂ ਉਨ੍ਹਾਂ ਦੀ ਜਗ੍ਹਾ ਟਰੰਪ ਨੇ ਵਿਰੋਧੀ ਦਲਾਂ ਦੇ ਸਭ ਵਿਰੋਧਾਂ ਦੇ ਬਾਵਜੂਦ ਜਸਟਿਸ ਐਮੀ ਕੋਨੇ ਬੈਰੇਟ ਨੂੰ ਸੁਪਰੀਮ ਕੋਰਟ ਦਾ ਨਵਾਂ ਜੱਜ ਨਿਯੁਕਤ ਕੀਤਾ ਹੈ। ਅਮਰੀਕਾ ਦੇ ਇਤਿਹਾਸ ਵਿੱਚ ਏਦਾਂ ਅੱਗੇ ਕਦੇ ਨਹੀਂ ਹੋਇਆ ਕਿ ਚੋਣਾਂ



ਤੋਂ ਮਸਾਂ 39 ਦਿਨ ਪਹਿਲਾਂ ਸਰਕਾਰ ਨੇ ਕਿਸੇ ਨਵੇਂ ਜੱਜ ਦਾ ਨਾਂਅ ਫਾਈਨਲ ਕੀਤਾ ਹੋਵੇ। ਆਮ ਤੌਰ 'ਤੇ ਚੋਣ ਵਾਲੇ ਸਾਲ ਵਿੱਚ ਜੁਲਾਈ ਦੇ ਬਾਅਦ ਸੁਪਰੀਮ ਕੋਰਟ ਦੇ ਕਿਸੇ ਜੱਜ ਦੀ ਨਿਯੁਕਤੀ ਨਹੀਂ ਕੀਤੀ ਜਾਂਦੀ। ਵਿਰੋਧੀ ਦਲਾਂ ਨੇ ਦੋਸ਼ ਲਾਇਆ ਹੈ ਕਿ ਟਰੰਪ ਸੁਪਰੀਮ ਕੋਰਟ ਨੰ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੇ ਹਨ ਤਾਂ ਕਿ ਚੋਣਾਂ ਉਲਝਣ ਦੀ ਸਥਿਤੀ ਵਿੱਚ ਆਪਣੇ ਹਿਸਾਬ ਨਾਲ ਚੋਣ ਫੈਸਲੇ ਨੂੰ ਪ੍ਰਭਾਵਤ ਕਰ ਸਕਣ। ਅਮਰੀਕੀ ਸੁਪਰੀਮ ਕੋਰਟ ਵਿੱਚ ਨੌਂ ਜੱਜ ਹੁੰਦੇ ਹਨ। ਕਿਸੇ ਅਹਿਮ ਫੈਸਲੇ ਦੇ ਸਮੇਂ ਜੇ ਇਨ੍ਹਾਂ ਦੀ ਰਾਏ ਚਾਰ-ਚਾਰ ਵਿੱਚ ਵੰਡੀ ਜਾਵੇ ਤਾਂ ਸਰਕਾਰ ਵੱਲੋਂ ਨਿਯੁਕਤ ਜੱਜ ਦਾ ਵੋਟ ਫੈਸਲਾਕੁੰਨ ਹੋ ਜਾਂਦਾ ਹੈ ਕਿਉਂਕਿ ਜੱਜ ਰਾਸ਼ਟਰਪਤੀ ਵੱਲੋਂ ਨਿਯੁਕਤ ਹੁੰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਉਹ ਸਰਕਾਰ ਦੇ ਹੱਕ ਵਿੱਚ ਹੀ ਫੈਸਲਾ ਦੇਵੇਗਾ। ਲੋਕ ਇਸ ਲਈ ਟਰੰਪ ਵੱਲੋਂ ਨਵੇਂ ਜੱਜ ਦੀ ਨਿਯੁਕਤੀ ਦਾ ਵਿਰੋਧ ਕਰ ਰਹੇ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton

ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

CALL TODAY FOR ANY CLASSIFIED OR MATRIMONIAL AD !!! 905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1

## Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu. ■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

1085 Bellamy Rd (N) Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

A/Z CITY DRIVER WANTED
INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT INSURED & BONDED EVERY SERVICE WITH WARRANTY SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 26, ਕੱਦ 5 ਫੁਟ 11 ਇੰਚ, ਦਾੜ੍ਹੀ ਕੇਸ ਰੱਖੇ ਹੋਏ ਕੈਨੇਡੀਅਨ ਸਿਟੀਜਨ ਫੈਡਰਲ ਗਵਰਨਮੈਂਟ ਵਿਚ ਲੈਵਲ 3 ਦੀ ਜੌਬ ਕਰਦੇ ਲੜਕੇ ਲਈ ਸੁੰਦਰ, ਸੁਸ਼ੀਲ ਚੰਗੇ ਘਰਾਣੇ ਦੀ ਲੜਕੀ ਦੀ ਲੋੜ ਹੈ, ਜਿਹੜੀ ਵਾਲ ਨਾ ਕੱਟਦੀ ਹੋਵੇ। ਲੜਕੇ ਦਾ ਪਰਿਵਾਰ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ।
ਸੰਪਰਕ: 613-799-8090 Email: singhmohan2006@gmail.com

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਲੜਕਾ ਪਹਿਲਾਂ ਸ਼ਾਦੀਸ਼ੁਦਾ ਸੀ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜ੍ਹੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653


Match for a Jat Sikh girl 26, 5'5" BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com




**FRESH & LARGE VARIETY**
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017










**NEW CONDOS COMING SOON**

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

**FREE ASSIGNMENT**
PERMISSION TO LEASE DURING OCCUPANCY
CAPPED DEVELOPMENT CHARGERS

**QUICK FACTS**
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

**EXTENDED DEPOSIT STRUCTURE**
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21.
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com

